Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
All Subject to Patiala Jurisdiction.
www.khetiduniyan.in

Editor : Jagpreet Singh • RNI/PUNPUN00806 • Issue Dated 22-02-2025 • Vol.43 No.08 • Ph. : 0175-2214575, 90410-14575 • Page : 16 | E-mail : khetiduniyan1983@gmail.com

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

## ਕਣਕ ਤੇ ਹੋਰ ਫ਼ਸਲਾਂ ਦੇ ਚੰਗੇ ਝਾੜ ਅਤੇ ਮੌਸਮੀ ਬਦਲਾਅ ਤੋਂ ਬਚਾਅ ਲਈ ਜ਼ਰੂਰ ਕਰੋ ਪੋਟਾਸ਼ੀਅਮ ਨਾਈਟ੍ਰੇਟ ਦੇ ਛਿੜਕਾਅ

ਇਸ ਸਮੇਂ ਸੂਬੇ ਵਿੱਚ ਜ਼ਿਆਦਾਤਰ ਕਣਕਾਂ ਵਿੱਚੋਂ ਗੋਭ ਨਿਕਲ ਰਹੀ ਹੈ ਅਤੇ ਅਗੇਤੀਆਂ ਕਣਕਾਂ ਦਾ ਨਿਸਾਰਾ ਵੀ ਹੋਣ ਲੱਗ ਪਿਆ ਹੈ । ਇਸ ਮੌਕੇ ਤੇ ਵੱਧ ਤਾਪਮਾਨ ਅਤੇ ਪਾਣੀ ਦੀ ਕਮੀ, ਬੱਲੀਆਂ



ਵਿੱਚ ਦਾਣਿਆਂ ਦੀ ਗਿਣਤੀ ਘਟਾ ਸਕਦੀ ਹੈ, ਜਿਸ ਨਾਲ ਝਾੜ ਵੀ ਘੱਟ ਸਕਦੇ ਹਨ । ਇਹਨਾਂ ਹਾਲਾਤਾਂ ਵਿੱਚ ਪੋਟਾਸ਼ੀਅਮ (ਪੋਟਾਸ਼) ਤੱਤ ਇੱਕ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ । ਇਹ ਤੱਤ ਫ਼ਸਲ ਦੀ ਗੁਣਵੱਤਾ ਨੂੰ ਵਧਾਉਂਦਾ ਹੈ ਅਤੇ ਪੌਦਿਆਂ ਦੇ ਸੂਖਮ ਸੈਲਾਂ ਵਿੱਚ ਪਾਣੀ ਦੀ ਮਾਤਰਾ ਨੂੰ ਸੰਤੁਲਿਤ ਰੱਖਦਾ ਹੈ ।

**ਛਿੜਕਾਅ ਕਿੱਥੇ ਜ਼ਰੂਰੀ ਹੈ ?**

ਪੀ. ਏ. ਯੂ. ਲੁਧਿਆਣਾ ਦੀਆਂ ਮਿੱਟੀ ਪਰਖ ਰਿਪੋਰਟਾਂ ਅਨੁਸਾਰ 55 ਕਿਲੋਗ੍ਰਾਮ ਪੋਟਾਸ਼ ਪ੍ਰਤੀ ਏਕੜ ਤੋਂ ਘੱਟ ਵਾਲੇ ਨਮੂਨੇ ਨੂੰ 'ਪੋਟਾਸ਼ ਦੀ ਘਾਟ' ਮੰਨਿਆ ਜਾਂਦਾ ਹੈ, ਜਦਕਿ 55 ਕਿਲੋ ਪੋਟਾਸ਼ ਪ੍ਰਤੀ ਏਕੜ ਤੋਂ ਵੱਧ ਵਾਲੇ ਨਮੂਨੇ ਨੂੰ 'ਕਾਫੀ' ਮੰਨਿਆ ਜਾਂਦਾ ਹੈ । ਮਿੱਟੀ ਪਰਖ ਅਨੁਸਾਰ ਪੋਟਾਸ਼ ਤੱਤ ਦੀ ਵਰਤੋਂ ਕੇਵਲ ਉੱਥੇ ਕਰੋ, ਜਿੱਥੇ ਇਸ ਦੀ ਘਾਟ ਹੋਵੇ ।

**ਵੱਖ-ਵੱਖ ਫ਼ਸਲਾਂ ਵਿੱਚ ਸਪਰੇਅ ਕਰਨ ਦਾ ਸਹੀ ਸਮਾਂ ਅਤੇ ਮਾਤਰਾ :** ਕਣਕ ਦੀ ਫ਼ਸਲ ਵਿੱਚ ਦਾਣੇ ਭਰਨ ਸਮੇਂ ਵੱਧਦੇ ਤਾਪਮਾਨ ਤੋਂ ਬਚਾਅ ਲਈ ਅਤੇ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13 : 0 : 45) (4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲੀਟਰ ਪਾਣੀ ਵਿੱਚ) ਪਹਿਲਾ ਸਪਰੇਅ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰੋ ।

ਬਰਸੀਮ ਦੇ ਬੀਜ ਦਾ ਵੱਧ ਝਾੜ ਲੈਣ ਲਈ ਵੀ 2% ਪੋਟਾਸ਼ੀਅਮ ਨਾਈਟ੍ਰੇਟ ਦੀਆਂ ਦੋ ਸਪਰੇਆਂ ਹਫਤੇ-ਹਫਤੇ ਦੇ ਵਕਫੇ ਨਾਲ ਫੁੱਲ ਸ਼ੁਰੂ ਹੋਣ 'ਤੇ ਕਰੋ ।

ਬੇਰਾਂ ਦਾ ਝਾੜ ਅਤੇ ਫਲ ਦੀ ਗੁਣਵੱਤਾ ਵਧਾਉਣ ਲਈ ਦਰੱਖਤਾਂ ਉੱਪਰ 1.5% ਪੋਟਾਸ਼ੀਅਮ ਨਾਈਟ੍ਰੇਟ ਦੇ ਦੋ ਛਿੜਕਾਅ ਕਰਨੇ ਚਾਹੀਦੇ ਹਨ । ਅਲੂਚੇ ਦੇ ਫਲਾਂ ਦੇ ਆਕਾਰ ਅਤੇ ਝਾੜ ਵਿੱਚ ਵਾਧਾ ਕਰਨ ਲਈ ਪੋਟਾਸ਼ੀਅਮ ਨਾਈਟ੍ਰੇਟ 0.1% ਦੇ ਦੋ ਛਿੜਕਾਅ ਕਰੋ, ਪਹਿਲਾ ਛਿੜਕਾਅ ਭਰ ਫੁੱਲ ਆਉਣ ਤੋਂ ਦੋ ਹਫਤੇ ਬਾਅਦ ਅਤੇ ਦੂਸਰਾ ਛਿੜਕਾਅ ਪਹਿਲੇ ਛਿੜਕਾਅ ਤੋਂ 10 ਦਿਨ ਬਾਅਦ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਪੋਟਾਸ਼ੀਅਮ ਨਾਈਟ੍ਰੇਟ ਦੇ ਛਿੜਕਾਅ ਦੌਰਾਨ ਬਾਗ ਵਿੱਚ ਪਾਣੀ ਦੀ ਕਮੀ ਦਾ ਨਾਂ ਹੋਣਾ ਯਕੀਨੀ ਬਣਾਇਆ ਜਾਵੇ ।

ਸਬਜ਼ੀਆਂ ਵਿੱਚ ਵੀ ਪੋਟਾਸ਼ ਤੱਤ ਜ਼ਿਆਦਾ ਮਾਤਰਾ ਵਿੱਚ ਲੋੜੀਂਦਾ ਹੈ, ਇਸ ਕਰਕੇ ਇਸ ਦੀ ਪੂਰਤੀ ਜ਼ਿਆਦਾਤਰ ਸਬਜ਼ੀਆਂ ਵਿੱਚ ਮਿਊਰੇਟ ਆਫ ਪੋਟਾਸ਼ ਖਾਦ ਪਾ ਕੇ ਪੂਰੀ ਕੀਤੀ ਜਾ ਸਕਦੀ ਹੈ ।

**ਅਸ਼ੋਕ ਕੁਮਾਰ ਗਰਗ ਅਤੇ ਰਮਿੰਦਰ ਸਿੰਘ ਘੁੰਮਣ, ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਅਤੇ ਰੋਪੜ** (ਮੋ. 950 18-55223)






# ਕਿਸਾਨ ਮੇਲੇ

| | |
|---|---|
| 5 ਮਾਰਚ — ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) | 7 ਮਾਰਚ — ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) |
| 11 ਮਾਰਚ — ਫਰੀਦਕੋਟ | 13 ਮਾਰਚ — ਗੁਰਦਾਸਪੁਰ |
| 18 ਮਾਰਚ — ਬਠਿੰਡਾ | 25 ਮਾਰਚ — ਰੌਣੀ (ਪਟਿਆਲਾ) |

ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 21 ਅਤੇ 22 ਮਾਰਚ ਨੂੰ

**ਖੇਤੀ ਦੁਨੀਆਂ ਦੇ ਸਟਾਲ ਨੰ.229 'ਤੇ ਪਧਾਰੋ।**

ਗੋਵਿੰਦ ਵੱਲਭ ਪੰਤ ਖੇਤੀ ਅਤੇ ਤਕਨੀਕੀ ਯੂਨੀਵਰਸਿਟੀ, ਪੰਤਨਗਰ (ਉੱਤਰਾਖੰਡ)
7-10 ਮਾਰਚ, 2025

# ਬਹਾਰ ਰੁੱਤ ਦੀ ਮੱਕੀ ਦੇ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ

**ਪੰਜਾਬ ਵਿਚ ਕਣਕ ਅਤੇ ਝੋਨੇ ਦੇ ਬਾਅਦ ਮੱਕੀ ਤੀਸਰੀ ਸਭ ਤੋਂ ਮਹੱਤਵਪੂਰਨ ਫਸਲ ਹੈ । ਬਹਾਰ ਰੁੱਤ ਦੀ ਮੱਕੀ ਉੱਤੇ ਵੱਖ-ਵੱਖ ਸਮੇਂ ਤੇ ਕਈ ਤਰ੍ਹਾਂ ਦੇ ਕੀੜੇ-ਮਕੌੜੇ ਹਮਲਾ ਕਰਦੇ ਹਨ ਜਿਸ ਕਰਕੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਹੁੰਦਾ ਹੈ । ਕੀੜੇ-ਮਕੌੜਿਆਂ ਦੀ ਹੇਠਾਂ ਅਨੁਸਾਰ ਸਰਵਪੱਖੀ ਰੋਕਥਾਮ ਕਰਕੇ ਮੱਕੀ ਦਾ ਝਾੜ ਅਤੇ ਕੁਆਲਟੀ ਵਧਾ ਸਕਦੇ ਹਾਂ ।**



**ਕੀੜੇ-ਮਕੌੜੇ**

**1. ਮੱਕੀ ਦੀ ਸ਼ਾਖ ਦੀ ਮੱਖੀ** : ਇਹ ਬਹਾਰ ਰੁੱਤ ਦੀ ਮੱਕੀ ਦਾ ਬਹੁਤ ਨੁਕਸਾਨ ਕਰਦੀ ਹੈ । ਇਹ ਮੱਖੀ ਬਹੁਤ ਛੋਟੀ ਉਮਰ (3-7 ਦਿਨ) ਦੇ ਬੂਟਿਆਂ ਤੇ ਹਮਲਾ ਕਰਦੀ ਹੈ, ਜਿਸ ਨਾਲ ਬੂਟੇ ਬੇਢਵੇਂ ਅਤੇ ਝੁਰੜ-ਮੁਰੜ ਜਿਹੇ ਹੋ ਜਾਂਦੇ ਹਨ । ਪੱਤਿਆਂ ਤੇ ਮੋਰੀਆਂ ਹੋ ਜਾਂਦੀਆਂ ਹਨ ਅਤੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ । ਸ਼ਾਖ ਦੀ ਮੱਖੀ ਦੀ ਰੋਕਥਾਮ ਲਈ ਪ੍ਰਤੀ ਕਿਲੋ ਬੀਜ ਨੂੰ 6 ਮਿਲੀਲਿਟਰ ਗਾਚੋ 600 ਐਫ ਐਸ (ਇਮਿਡਾਕਲੋਪਰਿਡ) ਦੇ ਹਿਸਾਬ ਨਾਲ ਸੋਧ ਲਓ ਅਤੇ ਸੋਧੇ ਹੋਏ ਬੀਜ ਨੂੰ 14 ਦਿਨਾਂ ਦੇ ਅੰਦਰ-ਅੰਦਰ ਬੀਜ ਦਿਓ । ਜੇਕਰ ਬੀਜ ਦੀ ਸੋਧ ਨਾ ਹੋ ਸਕੇ ਤਾਂ 5 ਕਿਲੋ ਫਿਊਰਾਡਨ 3 ਜੀ (ਕਾਰਬੋਫਿਊਰਾਨ) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਵੇਲੇ ਸਿਆੜਾਂ ਵਿਚ ਪਾਓ ।

**2. ਸੈਨਿਕ ਸੁੰਡੀ ਤੇ ਛੱਲੀਆਂ ਦਾ ਸੂਤਕੁਤਰੂ** : ਸੈਨਿਕ ਸੁੰਡੀ ਗੋਭ ਦੇ ਨਰਮ ਪੱਤੇ ਖਾਂਦਾ ਹੈ ਜਾਂ ਸਾਰਾ ਪੱਤਾ ਵਿਚਕਾਰਲੀ ਨਾੜ ਸਣੇ ਖਾ ਜਾਂਦਾ ਹੈ । ਗੋਭ ਦੇ ਪੱਤੇ ਉੱਪਰ ਪਈਆਂ ਛੋਟੀਆਂ-ਛੋਟੀਆਂ ਵਿੱਠਾਂ ਤੋਂ ਇਸ ਕੀੜੇ ਦੇ ਹਮਲੇ ਦਾ ਪਤਾ ਲਗਦਾ ਹੈ । ਇਸ ਦਾ ਹਮਲਾ ਮਾਰਚ ਵਿਚ ਖੇਤ ਦੀਆਂ ਬਾਹਰਲੀਆਂ ਕਤਾਰਾਂ, ਜੋ ਕਿ ਕਣਕ ਦੇ ਖੇਤਾਂ ਨਾਲ ਲੱਗਦੀਆਂ ਹੋਣ, ਉੱਤੇ ਵਧੇਰੇ ਹੁੰਦਾ ਹੈ । ਸੂਤ ਕੁਤਰਣ ਵਾਲੀ ਸੁੰਡੀ ਛੱਲੀ ਦੇ ਵਾਲਾਂ ਨੂੰ ਖਾਂਦੀ ਹੈ ਅਤੇ ਬਾਅਦ ਵਿਚ ਕਈ ਵਾਰ ਛੱਲੀਆਂ ਅੰਦਰ ਪੱਕ ਰਹੇ ਦਾਣਿਆਂ ਦਾ ਨੁਕਸਾਨ ਕਰ ਸਕਦੀ ਹੈ । ਹਮਲਾ ਦਿਖਾਈ ਦੇਣ ਤੇ ਸੁੰਡੀਆਂ ਨੂੰ ਇਕੱਠੇ ਕਰ ਕੇ ਨਸ਼ਟ ਕਰ ਦਿਓ ।

**3. ਫਾਲ ਆਰਮੀਵਰਮ** : ਇਹ ਕੀੜਾ ਆਮ ਤੌਰ ਤੇ ਸਾਉਣੀ ਰੁੱਤ ਦੀ ਮੱਕੀ ਤੇ ਜ਼ਿਆਦਾ ਨੁਕਸਾਨ ਕਰਦਾ ਹੈ ਪਰ ਪਛੇਤੀ ਬੀਜੀ ਬਹਾਰ ਰੁੱਤ ਦੀ ਫਸਲ ਤੇ ਵੀ ਇਸਦਾ ਹਮਲਾ ਦਿਖਾਈ ਦਿੰਦਾ ਹੈ । ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ । ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿਚ ਗੋਲ ਤੋਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਸੁੰਡੀਆਂ ਗੋਭ ਨੂੰ ਲਗਭਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ । ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ । ਇਸ ਦੀ ਰੋਕਥਾਮ ਲਈ ਹੇਠ ਲਿਖੇ ਨੁਕਤੇ ਅਪਨਾਓ :

★ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਸਿਫਾਰਸ਼ ਅਨੁਸਾਰ 15 ਫਰਵਰੀ ਤੱਕ ਹੀ ਕਰੋ ।

★ ਨਾਲ ਲਗਦੇ ਖੇਤਾਂ ਵਿਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫੈਲਾਅ ਘਟਾਇਆ ਜਾ ਸਕੇ ।

★ ਕੀੜੇ ਦਾ ਹਮਲਾ ਹੋਣ ਤੇ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ*) ਜਾਂ 0.5 ਮਿਲੀਲਿਟਰ 11.7 ਐਸ ਸੀ (ਸਪਾਈਨੇਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ । 20 ਦਿਨਾਂ ਤੱਕ ਦੀ ਫਸਲ ਲਈ 120 ਲਿਟਰ ਪਾਣੀ ਪ੍ਰਤੀ ਏਕੜ ਵਰਤੋ । ਇਸ ਤੋਂ ਬਾਅਦ, ਫਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਵਧਾਓ ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿਚ ਵਧਾਓ । ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ । ਜੇ ਹਮਲਾ ਪੋਰੀਆਂ ਵਿਚ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿਚ ਮੁਸ਼ਕਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐਸ.ਸੀ. (ਸਪਾਈਨੇਟੋਰਮ) ਜਾਂ 5 ਗ੍ਰਾਮ ਮਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 25 ਗ੍ਰਾਮ ਡੇਲਫਿਨ ਡਬਲਯੂ ਜੀ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ*) ਜਾਂ 25 ਮਿਲੀਲਿਟਰ ਡਾਈਪਲ 8 ਐੱਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ*) ਨੂੰ 10 ਮਿਲੀਲਿਟਰ ਪਾਣੀ ਵਿਚ ਘੋਲ ਕੇ ਇੱਕ ਕਿੱਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਓ । ਜੇਕਰ ਮੱਕੀ ਦੀ ਵਰਤੋਂ ਅਚਾਰ ਬਣਾਉਣ ਲਈ ਕਰਨੀ ਹੈ ਤਾਂ ਕੀਟਨਾਸ਼ਕ ਦੇ ਛਿੜਕਾਅ ਉਪਰੰਤ ਘੱਟੋ-ਘੱਟ 21 ਦਿਨ ਦਾ ਵਕਫਾ ਜ਼ਰੂਰ ਰੱਖੋ ।

**ਜਵਾਲਾ ਜਿੰਦਲ ਅਤੇ ਰਾਕੇਸ਼ ਕੁਮਾਰ ਸ਼ਰਮਾ**
**ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ,**
**ਪੀ. ਏ. ਯੂ., ਲੁਧਿਆਣਾ (ਮੋ. 99884-01521)**



# ਕਮਾਦ ਤੋਂ ਵੱਧ ਕਮਾਈ ਲਈ ਪੌਦ ਸੁਰੱਖਿਆ ਦੇ ਖਾਸ ਨੁਕਤੇ

**ਡਾ. ਡੀ. ਡੀ. ਨਾਰੰਗ, ਸਾਬਕਾ ਕੀਟ ਵਿਗਿਆਨੀ, ਪੀ. ਏ. ਯੂ., ਲੁਧਿਆਣਾ (ਮੋ.9464720231)**

ਕਮਾਦ ਪੰਜਾਬ ਦੀ ਮੁੱਖ ਫਾਇਦੇ ਵਾਲੀ ਫਸਲ ਹੈ । ਸਾਲ 2021-22 ਦੌਰਾਨ ਇਸ ਦੀ ਕਾਸ਼ਤ 86.8 ਹਜ਼ਾਰ ਹੈਕਟੇਅਰ ਰਕਬੇ ਵਿਚ ਕੀਤੀ ਗਈ । ਇਸ ਦਾ ਔਸਤ ਝਾੜ 82.15 ਕੁਇੰਟਲ ਪ੍ਰਤੀ ਹੈਕਟੇਅਰ ਰਿਹਾ । ਇਕ ਅੰਦਾਜ਼ਾ ਲਗਾਇਆ ਹੈ ਕਿ ਕਈ ਰੋਗਾਂ/ਨਦੀਨਾਂ ਅਤੇ ਵੈਰੀ ਕੀੜਿਆਂ ਦੇ ਹਮਲੇ ਕਾਰਨ ਕੋਈ 13 ਤੋਂ 20 ਪ੍ਰਤੀਸ਼ਤ ਕਮਾਦ ਦੀ ਫਸਲ ਦਾ ਝਾੜ ਘੱਟ ਜਾਂਦਾ ਹੈ । ਅਜਕਲ ਬੀਜੜ ਕਮਾਦ ਅਤੇ ਮੁੱਢੀ ਫਸਲ ਦੀ ਬਿਜਾਈ ਅਤੇ ਸਾਂਭ ਸੰਭਾਲ ਦਾ ਕੰਮ ਚਲ ਰਿਹਾ ਹੈ । ਇਸ ਲਈ ਕੁੱਝ ਖਾਸ ਪੌਦ ਸੁਰੱਖਿਆ ਦੇ ਖਾਸ ਨੁਕਤੇ ਹੇਠ ਦਿੱਤੇ ਜਾ ਰਹੇ ਹਨ, ਇਨ੍ਹਾਂ ਨੂੰ ਅਪਨਾ ਕੇ ਕਮਾਦ ਤੋਂ ਵੱਧ ਮੁਨਾਫਾ ਲੈ ਸਕਦੇ ਹਾਂ ।

1. ਕਮਾਦ ਦੀ ਬਿਜਾਈ ਮਾਰਚ ਮਹੀਨੇ ਦੇ ਅਖੀਰ ਤੱਕ ਪੂਰੀ ਕਰ ਲਵੋ ।

2. ਗੰਨੇ ਦੀ ਬੀਜਾਈ ਲਈ ਜੋ ਬੀਜ ਚੁਣਿਆ ਹੈ ਉਹ ਰੱਤਾ ਰੋਗ, ਸੋਕੜਾ, ਕਾਂਗਿਆਰੀ, ਮੁੱਢੇ ਕਮਾਦ ਦਾ ਮਧਰਾਪਣ ਦਾ ਰੋਗ ਅਤੇ ਘਾਹ ਵਰਗਿਆਂ ਸ਼ਾਖਾਂ ਦੇ ਰੋਗ ਤੋਂ ਮੁਕਤ ਹੋਣਾ ਚਾਹੀਦਾ ਹੈ ।

3. ਅਗੇਤੀਆਂ ਪ੍ਰਮਾਨਿਤ ਕਿਸਮਾਂ ਦੀ ਬਿਜਾਈ ਮਾਰਚ ਤੋਂ ਬਾਅਦ ਨਾ ਕਰੋ, ਕਿਉਂਕਿ ਅਪ੍ਰੈਲ ਵਿਚ ਤਾਪਮਾਨ ਵਧਣਾ ਸ਼ੁਰੂ ਹੋ ਜਾਂਦਾ ਹੈ ।

4. ਜੇਕਰ ਕਿਸੀ ਹਾਲਤ ਵਿਚ ਪਿਛੇਤੀ ਕਰਨੀ ਹੋਵੇ ਤਾਂ ਕੋਈ ਵੀ ਦਰਮਿਆਨੀ ਪਿਛੇਤੀ ਕਿਸਮ ਹੀ ਬੀਜੋ ।

5. ਦਰਮਿਆਨੀ-ਪਿਛੇਤੀ ਪੱਕਣ ਵਾਲੀਆਂ ਕਿਸਮਾਂ ਵਿਚ ਸੀ. ਓ. ਪੀ. ਬੀ.-98, ਸੀ. ਓ. ਪੀ. ਬੀ.-94, ਸੀ. ਓ. ਪੀ. ਬੀ.-91, ਸੀ. ਓ.-238 ਅਤੇ ਸੀ. ਓ. ਜੇ.-88 ਸ਼ਾਮਲ ਹਨ ।

6. ਗੰਨੇ ਦੀ ਫਸਲ ਨੂੰ ਉੱਗਣ ਵੇਲੇ ਸਿਉਂਕ ਦੀ ਰੋਕਥਾਮ ਲਈ 200 ਮਿ. ਲਿ. ਕੋਰਾਜ਼ਨ 18.5 ਐਸ. ਸੀ. ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਫੁਆਰੇ ਨਾਲ ਸਿਆੜਾਂ ਵਿਚ ਪਈਆਂ ਗੁੱਲੀਆਂ ਉੱਪਰ ਛਿੜਕੋ ।

7. ਕਮਾਦ ਦੇ ਚੰਗੇ ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ ਵਿਚ ਪੂਰੀ ਰਾਤ ਡੋਬਣ ਉਪਰੰਤ ਬਿਜਾਈ ਕਰੋ ।

**ਨੋਟ** : ਇਹ ਘੋਲ ਬਣਾਉਣ ਲਈ 25 ਮਿ. ਲਿ. ਈਥਰਲ 39 ਐਸ. ਐੱਲ ਨੂੰ 100 ਲਿਟਰ ਪਾਣੀ ਵਿਚ ਘੋਲੋ ਜਾਂ ਗੁਲੀਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਇਸ ਘੋਲ ਵਿਚ ਡੋਬ ਲਵੋ ।

8. ਗੰਨੇ ਦੀ ਫਸਲ ਨੂੰ ਉੱਗਣ ਵੇਲੇ ਅਗੇਤੀ ਫੋਟ ਦੀ ਗੜੂੰਏਂ ਦੇ ਹਮਲੇ ਤੋਂ ਬਚਾਉਣ ਲਈ ਖਾਲੀਆਂ ਵਿਚ ਪਈਆਂ ਪੋਰੀਆਂ ਉੱਪਰ 10 ਕਿਲੋ ਰੀਜੈਂਟ, ਰਿਪਨ/ਮੋਰਟੈਲ 0.3 ਜੀ (ਫਿਪਰੋਨਿਲ) ਮਿੱਟੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਵਰਤੋਂ ।

9. ਮੌਸਮੀ ਨਦੀਨਾਂ ਦੀ ਰੋਕਥਾਮ ਲਈ : ਐਟਰਾਟਾਫ 50 ਡਬਲਯੂ ਪੀ (ਐਟਰਾਜੀਨ) ਜਾਂ ਸੈਨਕੋਰ 70 ਡਬਲਯੂ ਪੀ (ਸੈਟਰੀਬਿਊਜ਼ਿਨ) ਜਾਂ 800 ਗ੍ਰਾਮ ਕਲਾਸ 80 ਘੁਲਣਸ਼ੀਲ (ਡਾਈਯੂਰਾਨ) ਨੂੰ 200 ਲਿਟਰ ਪਾਣੀ ਵਿਚ ਮਿਲਾ ਕੇ ਕਮਾਦ ਦੀ ਫਸਲ ਬੀਜਣ ਤੋਂ 2-3 ਦਿਨ ਅੰਦਰ ਛਿੜਕੋ ।

ਡੀਲੇ ਦੀ ਰੋਕਥਾਮ ਲਈ 800 ਗ੍ਰਾਮ ਪ੍ਰਤੀ ਏਕੜ 2,4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਸਪਰੇਅ ਕਰੋ ।

★ **ਨੋਟ** : ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਉਪਰੋਕਤ 2, 4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਦੀ ਵਰਤੋਂ ਓਹੀ ਮਾਤਰਾ ਦਾ ਛਿੜਕਾਅ ਉਦੋਂ ਕਰੋ ਨਦੀਨ 3-4 ਪੱਤਿਆਂ ਦੀ ਅਵਸਥਾ ਹੋਵੇ ।

10. ਮੁਢੀ ਫਸਲ ਉੱਪਰ ਅਗੇਤੀ ਫੋਟ ਦਾ ਗੜੂੰਆਂ : ਆਗ ਦਾ ਗੜੂੰਆਂ ਅਤੇ, ਕਾਲਾ ਖਟਮਲ (ਬੱਗ) ਦਾ ਹਮਲਾ ਅਗੇਤਾ ਹੀ ਹੋ ਜਾਂਦਾ ਹੈ । ਇਸ ਲਈ ਇਨ੍ਹਾਂ ਕੀੜਿਆਂ ਉੱਪਰ ਅਪ੍ਰੈਲ-ਜੂਨ ਮਹੀਨਿਆਂ ਹੀ ਨਜ਼ਰ ਰੱਖੋ ਅਤੇ ਉਸ ਵੇਲੇ ਹੇਠ ਦੱਸੇ ਗਏ ਰੋਕਥਾਮ ਦੇ ਨੁਕਤਿਆਂ ਤੇ ਅਮਲ ਕਰੋ ।

**1. ਅਗੇਤੀ ਫੋਟ ਦਾ ਗੜੂੰਆਂ** : ਫਸਲ ਦੀ ਬਿਜਾਈ ਤੋਂ 45 ਦਿਨਾਂ ਬਾਅਦ 10 ਕਿਲੋ ਰੀਜੈਂਟ/ਰਿਪਨ 0.3 ਫਿਪਰੋਨਿਲ ਨੂੰ 20 ਕਿਲੋ ਗਿਲੀ ਮਿੱਟੀ/ਰੇਤ ਵਿਚ ਮਿਲਾ ਕੇ ਜਾਂ 2 ਲਿਟਰ ਕਲੋਰਪਾਈਰੀਫਾਸ 20 ਈ.ਸੀ. ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਓ ਅਤੇ ਬਾਅਦ ਵਿਚ ਹਲਕੀ ਮਿੱਟੀ ਚੜ੍ਹਾ ਕੇ ਪਤਲਾ ਪਾਣੀ ਦਿਓ ।

**2. ਕਾਲਾ ਖਟਮਲ** (ਬੱਗ) : ਇਸ ਦੀ ਰੋਕਥਾਮ ਲਈ 350 ਮਿ. ਲਿ. ਕਲੋਰਪਾਈਰੀਫਾਸ 20 ਈ. ਸੀ. ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਬੂਟਿਆਂ ਦੀਆਂ ਗੋਭਾਂ ਅਤੇ ਪੱਤਿਆਂ ਦੇ ਨਵੇਂ ਝੁੰਡਾਂ ਵਿਚਕਾਰ ਸਪਰੇਅ ਕਰੋ ਤਾਂ ਕਿ ਇਸ ਬਗ ਦੇ ਜਵਾਨ ਅਤੇ ਛੋਟੇ ਵੱਧ ਤਦਾਦ ਵਿਚ ਮਰਜਾਨ ।

**3. ਆਗ ਦਾ ਗੜੂੰਆਂ** : ਜੂਨ ਦੇ ਆਖਰੀ ਹਫਤੇ 12 ਕਿਲੋ ਕਾਰਬੋਫੂਰਾਨ 3 ਜੀ ਦੇ ਕੈਪਸੂਲ ਨੂੰ ਸ਼ਾਖਾ ਦੇ ਮੁੱਢਾਂ ਨੇੜੇ ਪਾਓ ਅਤੇ ਮੁੱਢਾਂ ਨੂੰ ਹਲਕੀ ਮਿੱਟੀ ਚਾੜ੍ਹ ਕੇ ਖੇਤ ਨੂੰ ਪਾਣੀ ਲਾ ਦਿਓ । ਇਸ ਤਰ੍ਹਾਂ ਆਗ ਦੀ ਤੀਜੀ ਪੀੜ੍ਹੀ ਨਸ਼ਟ ਹੋ ਜਾਵੇਗੀ ।

# ਕਣਕ ਤੋਂ ਵਧੇਰੇ ਝਾੜ ਲੈਣ ਲਈ ਬਿਮਾਰੀਆਂ ਦੀ ਸਮੇਂ-ਸਿਰ ਰੋਕਥਾਮ ਜ਼ਰੂਰੀ

ਕ੍ਰਿਸ਼ਨ ਕੁਮਾਰ ਸ਼ਰਮਾ ਅਤੇ ਬਲਵਿੰਦਰ ਸਿੰਘ ਢਿੱਲੋਂ, ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ।

**ਕਣਕ ਦੀਆਂ ਬਿਮਾਰੀਆਂ :**

**ਪੀਲੀ ਕੁੰਗੀ ਦੀ ਪਛਾਣ** : ਪੱਤਿਆਂ 'ਤੇ ਲੰਮੀਆਂ ਧਾਰੀਆਂ ਦੇ ਰੂਪ 'ਚ ਪੀਲੇ ਧੱਬੇ ਦਿਖਾਈ ਦਿੰਦੇ ਹਨ, ਜਿਨ੍ਹਾਂ 'ਤੇ ਪੀਲਾ ਹਲਦੀਨੁਮਾ ਧੂੜਾ ਨਜ਼ਰ ਆਉਂਦਾ ਹੈ । ਪੀਲੀ ਕੁੰਗੀ ਦਾ ਹਮਲਾ ਨੀਮ ਪਹਾੜੀ ਇਲਾਕਿਆਂ 'ਚ ਸਭ ਤੋਂ ਪਹਿਲਾਂ ਹੁੰਦਾ ਹੈ । ਫਰਵਰੀ-ਮਾਰਚ ਦੌਰਾਨ ਤੇਜ਼ ਹਵਾਵਾਂ ਨਾਲ ਪੈਣ ਵਾਲੇ ਮੀਂਹ ਇਸ ਬਿਮਾਰੀ ਨੂੰ ਵਧਾਉਂਦੇ ਹਨ ।

**ਰੋਕਥਾਮ** : ਰੋਗ ਰਹਿਤ ਕਿਸਮਾਂ ਜਿਵੇਂ ਕਿ ਪੀ ਬੀ ਡਬਲਿਊ ਬਿਸਕੁਟ 1, ਪੀ ਬੀ ਡਬਲਿਊ ਜ਼ਿੰਕ 2, ਪੀ ਬੀ ਡਬਲਿਊ ਆਰ ਐਸ 1, ਪੀ ਬੀ ਡਬਲਿਊ





725, ਉੱਨਤ ਪੀ ਬੀ ਡਬਲਿਊ 550, ਪੀ ਬੀ ਡਬਲਿਊ 752, ਡਬਲਿਊ ਐੱਚ ਡੀ 943, ਪੀ ਡੀ ਡਬਲਿਊ 291 ਅਤੇ ਪੀ ਬੀ ਡਬਲਿਊ 660 ਬੀਜੋ ।


ਬਿਮਾਰੀ ਨਜ਼ਰ ਆਉਣ 'ਤੇ 300 ਗ੍ਰਾਮ ਤਾਕਤ 75 ਡਬਲਿਊ.ਪੀ. (ਕੈਪਟਾਨ + ਹੈਕਸਾਕੋਨਾਜ਼ੋਲ) ਜਾਂ 200 ਗ੍ਰਾਮ ਕੇਵੀਅਟ 25 ਡਬਲਿਊ. ਜੀ. (ਟੈਬੂਕੋਨਾਜ਼ੋਲ) ਜਾਂ 120 ਗ੍ਰਾਮ ਨਟੀਵੋ 75 ਡਬਲਿਊ ਜੀ (ਟ੍ਰਾਈਫਲੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਅੰਮਿਕਟ ਐਕਸਟਰਾ (ਐਜ਼ੋਕਸੀਸਟ੍ਰੋਬਿਨ + ਸਾਈਪਰਾਕੋਨਾਜ਼ੋਲ) ਜਾਂ 200 ਮਿਲੀਲੀਟਰ ਉਪੇਰਾ 18.3 ਐੱਸ ਈ (ਪਾਈਰੈਕਲੋਸਟ੍ਰੋਬਿਨ+ਇਪੋਕਸੀਕੋਨਾਜ਼ੋਲ) ਜਾਂ 200 ਮਿਲੀਲੀਟਰ ਕਸਟੋਡੀਆ 320 ਐੱਸ ਸੀ. (ਐਜ਼ੋਕਸੀਸਟ੍ਰੋਬਿਨ +ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਟਿਲਟ 25 ਈ.ਸੀ/ਸ਼ਾਈਨ 25 ਈਸੀ/ਬੰਪਰ 25 ਈਸੀ / ਸਟਿਲਟ 25 ਈਸੀ/ਕੰਪਾਸ 25 ਈਸੀ / ਮਾਰਕਜ਼ੋਲ 25 ਈਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਲੋੜ ਪੈਣ 'ਤੇ ਇਹ ਛਿੜਕਾਅ ਫਿਰ ਦੁਹਰਾਓ ਤਾਂ ਜੋ ਟੀਸੀ ਵਾਲਾ ਪੱਤਾ ਬਿਮਾਰੀ ਰਹਿਤ ਰਹੇ ।

**ਭੂਰੀ ਕੁੰਗੀ ਦੀ ਪਛਾਣ** : ਗੋਲ ਸੰਤਰੀ ਰੰਗ ਦੇ ਧੱਬੇ ਜੋ ਕਿ ਬੇਤਰਤੀਬੇ ਜਾਂ ਇਕੱਠੇ ਹੁੰਦੇ ਹਨ, ਪੱਤਿਆਂ 'ਤੇ ਪੈ ਜਾਂਦੇ ਹਨ, ਜਿਨ੍ਹਾਂ 'ਤੇ ਸੰਤਰੀ ਰੰਗਾ ਧੂੜਾ ਨਜ਼ਰ ਆਉਂਦਾ ਹੈ ।

**ਰੋਕਥਾਮ** : ਰੋਗ ਰਹਿਤ ਕਿਸਮਾਂ ਜਿਵੇਂ ਕਿ ਪੀ ਬੀ ਡਬਲਿਊ ਜ਼ਿੰਕ 2, ਪੀ ਬੀ ਡਬਲਿਊ 824, ਪੀ ਬੀ ਡਬਲਿਊ-869, ਪੀ ਬੀ ਡਬਲਿਊ 803, ਡੀ ਬੀ ਡਬਲਿਊ 222, ਡੀ ਬੀ ਡਬਲਿਊ-187, ਉੱਨਤ ਪੀ ਬੀ ਡਬਲਿਊ-550, ਐਚ ਡੀ 3226, ਪੀ ਬੀ ਡਬਲਿਊ-771, ਪੀ ਬੀ ਡਬਲਿਊ-757 ਡਬਲਿਊ ਐੱਚ ਡੀ 943, ਪੀ ਡੀ ਡਬਲਿਊ 291 ਅਤੇ ਪੀ ਬੀ ਡਬਲਿਊ 660 ਬੀਜੋ ।

ਬਿਮਾਰੀ ਨਜ਼ਰ ਆਉਣ 'ਤੇ 200 ਮਿਲੀਲੀਟਰ ਟਿਲਟ 25 ਈ.ਸੀ/ਸ਼ਾਈਨ 25 ਈਸੀ/ਬੰਪਰ 25 ਈਸੀ/ਸਟਿਲਟ 25 ਈਸੀ/ਕੰਪਾਸ 25 ਈਸੀ/ਮਾਰਕਜ਼ੋਲ 25 ਈਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ ।

**ਕਰਨਾਲ ਬੰਟ ਦੀ ਪਛਾਣ** : ਇਸ ਬਿਮਾਰੀ ਨਾਲ ਸਿੱਟਿਆਂ 'ਚ ਕੁਝ



ਦਾਣਿਆਂ ਦੇ ਹਿੱਸੇ 'ਤੇ ਅਸਰ ਹੁੰਦਾ ਹੈ । ਜੇਕਰ ਬਿਮਾਰੀ ਵਾਲੇ ਦਾਣਿਆਂ ਨੂੰ ਹੱਥਾਂ 'ਚ ਲੈ ਕੇ ਮਲਿਆ ਜਾਵੇ ਤਾ ਕਾਲੇ ਰੰਗ ਦੇ ਕਿਣਕੇ ਬਾਹਰ ਨਿਕਲਦੇਹਨ, ਜਿਨ੍ਹਾਂ ਦੀ ਭੈੜੀ ਦੁਰਗੰਧ ਹੁੰਦੀ ਹੈ ।

**ਰੋਕਥਾਮ** : ਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਜਿਵੇਂ ਕਿ ਡਬਲਿਊ ਐਚ ਡੀ-943 ਅਤੇ ਪੀ ਡੀ ਡਬਲਿਊ 291 ਬੀਜੋ ।

ਬੀਜ ਵਾਲੀ ਫਸਲ 'ਤੇ 200 ਮਿਲੀਲੀਟਰ ਟਿਲਟ 25 ਈ.ਸੀ (ਪ੍ਰੋਪੀਕੋਨਾਜ਼ੋਲ) ਨੂੰ ਸਿੱਟੇ ਨਿਕਲਣ ਵੇਲੇ 200 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਇਕ ਛਿੜਕਾਅ ਕਰੋ ।

**ਕਾਗਿਆਰੀ ਦੀ ਪਛਾਣ** : ਇਸ ਬਿਮਾਰੀ ਦਾ ਅਸਰ ਉਸ ਵੇਲੇ ਦਿਸਦਾ ਹੈ, ਜਦੋਂ ਸਿੱਟਿਆਂ 'ਚ ਦਾਣੇ ਬਣ ਰਹੇ ਹੁੰਦੇ ਹਨ । ਦਾਣਿਆਂ ਦੇ ਅੰਦਰ ਕਾਲਾ ਜਿਹਾ ਧੂੜਾ ਬਣ ਜਾਂਦਾ ਹੈ, ਜੋ ਕਿ ਹਲਕੇ ਝਟਕੇ, ਹਵਾ ਜਾਂ ਮੀਂਹ ਦੇ ਛਿੱਟੇ ਨਾਲ ਉੱਡ ਜਾਂਦਾ ਹੈ ।

**ਪੱਤਿਆਂ ਦੀ ਕਾਗਿਆਰੀ ਦੀ ਪਛਾਣ** : ਪੱਤਿਆਂ ਦੇ ਉੱਪਰ ਸਲੇਟੀ ਜਾਂ ਕਾਲੇ ਰੰਗ ਦੀ ਧਾਰੀਆਂ ਬਣ ਜਾਂਦੀਆਂ ਹਨ, ਜਿਨ੍ਹਾਂ ਨੂੰ ਫਟਣ ਤੋਂ ਕਾਲੇ ਜਿਹੇ ਕਣ (ਉੱਲੀ ਦੇ ਬਿਜਾਣੂ) ਨਿਕਲ ਪੈਂਦੇ ਹਨ । ਬਿਮਾਰੀ ਵਾਲੇ ਪੱਤੇ ਘੁਰਣ-ਮੁਰਣ ਜਾਂਦੇ ਹਨ । ਪੌਦੇ ਦਾ ਆਕਾਰ ਘੱਟ ਜਾਂਦਾ ਹੈ ।

**ਰੋਕਥਾਮ** : ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਰੋਗ ਰਹਿਤ ਕਿਸਮਾਂ ਜਿਵੇਂ ਕਿ ਡਬਲਿਊ ਐਚ ਡੀ-943 ਅਤੇ ਪੀ ਡੀ ਡਬਲਿਊ 291 ਬੀਜੋ ।



ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ ਸਿਫਾਰਸ਼ ਕੀਤੇ ਉੱਲੀ ਨਾਸ਼ਕਾਂ ਜਿਵੇਂ ਕਿ 13 ਮਿ.ਲੀ. ਰੈਕਸਿਲ ਈਜੀ/ਔਰਿਅਸ 6 ਐੱਫ ਐਸ (ਟੈਬੂਕੋਨਾਜ਼ੋਲ) ਨੂੰ 400 ਮਿਲੀਲੀਟਰ ਪਾਣੀ 'ਚ ਘੋਲ ਕੇ ਜਾਂ 120 ਗ੍ਰਾਮ ਵਿਟਾਵੈਕਸ 75 ਪਾਵਰ 75 ਡਬਲਿਊ ਐਸ (ਕਾਰਬੋਕਸਿਨ+ ਟੈਟਰਾਮਿਥਾਇਲ ਥਾਇਰਮ ਡਾਈਸਲਫਾਇਡ) ਜਾਂ 80 ਗ੍ਰਾਮ ਵਿਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਸੀਡੈਕਸ 2 ਡੀ. ਐੱਸ./ਐਕਸਜੋਲ 2 ਡੀ ਐੱਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ ਦੀ ਦਰ ਅਨੁਸਾਰ ਸੋਧੋ ।

ਕਾਂਗਿਆਰੀ ਦੀ ਰੋਕਥਾਮ ਲਈ ਮਈ-ਜੂਨ ਦੇ ਮਹੀਨੇ ਕਣਕ ਦੇ ਬੀਜ ਨੂੰ ਖੂਬ ਧੁੱਪ ਵਾਲੇ ਦਿਨ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ ਦੇ 12 ਵਜੇ ਤੱਕ ਆਮ ਪਾਣੀ 'ਚ ਭਿਉਂ ਕੇ ਰੱਖੋ । ਬਾਅਦ 'ਚ ਇਸ ਬੀਜ ਦੀ ਪਤਲੀ ਤਹਿ ਪੱਕੇ ਫਰਸ਼, ਚਟਾਈਆਂ ਜਾਂ ਤਰਪਾਲਾਂ ਉੱਪਰ ਵਿਛਾ ਕੇ ਅਤੇ ਧੁੱਪ 'ਚ ਸੁੱਕਾ ਕੇ ਖੁਸ਼ਕ ਥਾਂ 'ਤੇ ਰੱਖੋ ।


ਪੱਤਿਆਂ ਦੀ ਕਾਂਗਿਆਰੀ ਦੀ ਰੋਕਥਾਮ ਲਈ ਡੂੰਘੀ ਬਿਜਾਈ ਨਾ ਕਰੋ । ਬਿਮਾਰੀ ਵਾਲੇ ਬੂਟਿਆਂ ਨੂੰ ਪੁੱਟ ਕੇ ਉਨ੍ਹਾਂ ਦਾ ਨਾਸ਼ ਕਰ ਦਿਓ ।

# ਗੁਲਾਬ ਦਾ ਅਰਕ ਤਿੰਨ ਭਾਗਾਂ ਵਿੱਚ ਕੱਢਿਆ ਜਾਂਦਾ ਹੈ

## 'ਕਲਮੀ ਗੁਲਾਬ' ਤੋਂ ਤਿਆਰ ਹੁੰਦੈ ਤੇਲ ਅਤੇ ਅਰਕ

ਕਲਮੀ ਗੁਲਾਬ ਤੋਂ ਦੇਸੀ ਢੰਗ ਨਾਲ ਤੇਲ, ਅਰਕ ਅਤੇ ਗੁਲਕੰਦ ਬਣਾਉਣ ਦਾ ਕਾਰੋਬਾਰ ਤੇਜ਼ੀ ਨਾਲ ਵੱਧ ਰਿਹਾ ਹੈ । ਗੁਲਾਬ ਦੇ ਫੁੱਲਾਂ ਤੋਂ ਦੇਸੀ ਢੰਗ ਨਾਲ ਤੇਲ, ਅਰਕ ਅਤੇ ਗੁਲਕੰਦ ਤਿਆਰ ਕੀਤਾ ਜਾਂਦਾ ਹੈ । ਆਮ ਤੌਰ 'ਤੇ ਕਿਸਾਨਾਂ ਵੱਲੋਂ ਤੇਜ਼ੇ ਫੁੱਲ ਹੀ ਤੋੜ ਕੇ ਵੇਚੇ ਜਾਂਦੇ ਹਨ ।

ਫੁੱਲਾਂ ਦੀ ਕਾਸ਼ਤ ਕਰਨ ਵਾਲੇ ਕਿਸਾਨ ਤਿੰਨ ਕਿਸਮਾਂ ਜਵਾਲਾ, ਨੂਰਜਹਾਂ ਅਤੇ ਰੋਜਡਸਕੀਨਾ ਦੀ ਖੇਤੀ ਕਰਦੇ



ਹਨ । ਇਨ੍ਹਾਂ ਕਿਸਮਾਂ ਦੀਆਂ ਕਲਮਾਂ ਹਿਮਾਚਲ ਦੇ ਸ਼ਹਿਰ ਪਾਲਮਪੁਰ ਤੋਂ ਵੀ ਮਿਲਦੀਆਂ ਹਨ । ਗੁਲਾਬ ਦਾ ਜਲ ਤਿਆਰ ਕਰਨ ਲਈ ਦੇਸੀ ਢੰਗ ਨਾਲ ਭੱਠੀਆਂ ਤਿਆਰ ਕੀਤੀਆਂ ਜਾਂਦੀਆਂ ਹਨ । ਸੂਰਜ ਚੜ੍ਹਨ ਤੋਂ ਪਹਿਲਾਂ ਗੁਲਾਬ ਦੇ ਫੁੱਲਾਂ ਨੂੰ ਤੋੜਿਆ ਜਾਂਦਾ ਹੈ ।

ਭੱਠੀਆਂ 'ਤੇ ਰੱਖੇ ਗਏ ਤਾਂਬੇ ਦੇ ਭਾਂਡਿਆਂ ਵਿੱਚ 40 ਕਿਲੋ ਫੁੱਲ ਅਤੇ ਬਰਾਬਰ ਮਾਤਰਾ ਦਾ ਪਾਣੀ ਪਾ ਕੇ ਭੱਠੀ ਚਲਾ ਦਿੱਤੀ ਜਾਂਦੀ ਹੈ । ਦੇਗ ਅੰਦਰ ਜਿਹੜੀ ਭਾਫ ਬਣਦੀ ਹੈ, ਉਸ ਨੂੰ ਬਾਂਸ ਦੀ ਨਲੀ ਰਾਹੀਂ ਤਾਂਬੇ ਦੇ ਭਾਂਡੇ ਵਿੱਚ ਇਕੱਠਾ ਕਰ ਲਿਆ ਜਾਂਦਾ ਹੈ ।

ਗੁਲਾਬ ਦਾ ਅਰਕ ਤਿੰਨ ਭਾਗਾਂ ਵਿੱਚ ਕੱਢਿਆ ਜਾਂਦਾ ਹੈ । ਇਸ ਨੂੰ ਤਿਆਰ ਕਰਨ ਲਈ ਛੇ ਕੁ ਘੰਟੇ ਦਾ ਸਮਾਂ ਲੱਗ ਜਾਂਦਾ ਹੈ । ਜੇਕਰ ਗੁਲਾਬ ਦਾ ਤੇਲ ਤਿਆਰ ਕਰਨਾ ਹੋਵੇ ਤਾਂ 40

**ਦੇਸ਼-ਵਿਦੇਸ਼ ਅੰਦਰ ਤਾਜ਼ੇ ਫੁੱਲਾਂ ਦੀ ਮੰਗ ਹੋਣ ਕਰਕੇ ਹੁੰਦਾ ਹੈ ਕਰੋੜਾਂ ਰੁਪਏ ਦਾ ਕਾਰੋਬਾਰ**

ਕੁਇੰਟਲ ਵਿੱਚ ਇੱਕ ਕਿਲੋ ਨਿਕਲਦਾ ਹੈ । ਜਿਸ ਕਰਕੇ ਜ਼ਿਆਦਾਤਰ ਗੁਲਾਬ ਦਾ ਅਰਕ ਹੀ ਤਿਆਰ ਕੀਤਾ ਜਾਂਦਾ ਹੈ ।

ਗੁਲਾਬ ਦਾ ਅਰਕ ਦਵਾਈਆਂ, ਮਠਿਆਈਆਂ ਅਤੇ ਹੋਰ ਕਈ ਤਰ੍ਹਾਂ ਦੇ ਉਤਪਾਦਾਂ ਵਿੱਚ ਵਰਤਿਆ ਜਾਂਦਾ ਹੈ । ਦੂਸਰੇ ਪਾਸੇ ਵਿਦੇਸ਼ੀ ਫੁੱਲਾਂ ਦੇ ਬਾਜ਼ਾਰ ਵਿੱਚ ਭਾਰਤੀ ਫੁੱਲਾਂ ਦੀ ਚੜ੍ਹਤ ਲਗਾਤਾਰ ਜਾਰੀ ਹੈ । ਭਾਰਤੀ ਫੁੱਲਾਂ ਦੇ ਸ਼ੌਕੀਨਾਂ ਵਿੱਚ ਯੂਰਪ ਅਤੇ ਅਮਰੀਕਾ ਹੀ ਨਹੀਂ, ਸਗੋਂ ਅਰਬ ਦੇਸ਼ਾਂ ਦੇ ਲੋਕ ਵੀ ਭਾਰਤੀ ਫੁੱਲਾਂ ਦੇ ਦੀਵਾਨੇ ਹਨ । ਫੁੱਲਾਂ ਦੇ ਕਾਰੋਬਾਰੀਆਂ ਦਾ ਵਪਾਰ ਤੇਜ਼ੀ ਨਾਲ ਵੱਧ ਰਿਹਾ ਹੈ । ਜਿਸ ਨੂੰ ਵੇਖਦਿਆਂ ਕੇਂਦਰ ਸਰਕਾਰ ਦੇ ਨਾਲ ਹੀ ਰਾਜ ਸਰਕਾਰਾਂ ਵੀ ਇਸ ਖੇਤੀ ਨੂੰ ਹੁਲਾਰਾ ਦੇਣ ਲੱਗੀਆਂ ਹਨ ।

ਸਰਕਾਰ ਵੱਲੋਂ ਫੁੱਲ ਉਤਪਾਦਕਾਂ ਨਾਲ ਹੀ ਨਿਰਯਾਤਕਾਰਾਂ ਨੂੰ ਵੀ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ । ਫੁੱਲਾਂ ਦੇ ਵੱਧ ਰਹੇ ਕਾਰੋਬਾਰ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਦੇਸ਼ ਵਿੱਚ ਫੁੱਲਾਂ ਦਾ ਛੇ ਸੌ ਕਰੋੜ ਤੋਂ ਵੱਧ ਦਾ ਕਾਰੋਬਾਰ ਹੁੰਦਾ ਹੈ । ਕੇਂਦਰ ਸਰਕਾਰ ਬਾਗਬਾਨੀ ਮਿਸ਼ਨ ਅਤੇ ਪਹਾੜੀ ਰਾਜਾਂ ਉਤਰਾਂਚਲ, ਹਿਮਾਚਲ ਪੂਰਬ ਉੱਤਰ ਰਾਜਾਂ ਅਤੇ ਜੰਮੂ-ਕਸ਼ਮੀਰ ਵਿੱਚ ਤਕਨੀਕ ਮਿਸ਼ਨ ਰਾਹੀਂ ਫੁੱਲਾਂ ਦੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲੱਗੀ ਹੋਈ ਹੈ ।

ਆਉਣ ਵਾਲੇ ਸਮੇਂ ਵਿੱਚ ਇਸ ਕਾਰੋਬਾਰ ਦਾ ਨਿਰਯਾਤ ਪੰਦਰਾਂ ਫੀਸਦੀ ਵੱਧ ਜਾਵੇਗਾ । ਦੇਸ਼ ਅੰਦਰ ਪਿਛਲੇ ਸਮਿਆਂ ਦੌਰਾਨ ਫੁੱਲਾਂ ਹੇਠ ਰਕਬਾ 53 ਹਜ਼ਾਰ ਹੈਕਟੇਅਰ ਤੋਂ ਵੱਧ ਕੇ 1.30 ਲੱਖ ਹੈਕਟੇਅਰ ਹੋ ਗਿਆ ਸੀ । ਜਿਹੜਾ ਅਗਲੇ ਸਾਲਾਂ ਵਿੱਚ 3.50 ਲੱਖ ਹੈਕਟੇਅਰ ਹੋ ਜਾਵੇਗਾ । ਇਸ ਕਾਰੋਬਾਰ ਨਾਲ ਕਿਸਾਨ ਜਾਂ ਛੋਟੇ ਕਾਰੋਬਾਰੀ ਹੀ ਨਹੀਂ, ਸਗੋਂ ਵੱਡੇ ਉਦਯੋਗਪਤੀ ਵੀ ਜੁੜ ਰਹੇ ਹਨ, ਕਿਉਂਕਿ ਅੰਤਰਰਾਸ਼ਟਰੀ ਮੰਡੀ ਵਿੱਚ ਫੁੱਲਾਂ ਦੀ ਭਾਰੀ ਮੰਗ ਹੈ ।

ਅਰਬ ਦੇਸ਼ਾਂ ਨੂੰ ਫੁੱਲਾਂ ਦਾ ਨਿਰਯਾਤ ਕਰਨ ਵਾਲੇ ਐਕਸਪੋਰਟ ਕੰਪਨੀ ਦੇ ਪ੍ਰਬੰਧਕ ਰਾਜੇਸ਼ ਪ੍ਰਸ਼ਾਦ ਦਾ ਕਹਿਣਾ ਸੀ ਕਿ ਫੁੱਲਾਂ ਦੀ ਖੇਤੀ ਵਿੱਚ ਕਿਸਾਨਾਂ ਨੂੰ ਵੀ ਵਧੀਆ ਮੁਨਾਫਾ ਹੋ ਰਿਹਾ ਹੈ । ਹੁਣ ਇਹ ਖੇਤੀ ਆਧੁਨਿਕ ਢੰਗਾਂ ਨਾਲ ਕੀਤੀ ਜਾ ਰਹੀ ਹੈ ।

ਉੱਤਰ ਭਾਰਤ ਅਤੇ ਪੂਰਬ ਉੱਤਰੀ ਸੂਬਿਆਂ ਵਿੱਚ ਫੁੱਲਾਂ ਦੀ ਖੇਤੀ ਲਈ ਬਹੁਤ ਸੰਭਾਵਨਾਵਾਂ ਹਨ । ਭਾਵੇਂ ਇਨ੍ਹਾਂ ਸੂਬਿਆਂ ਵਿੱਚ ਖੇਤੀ ਨੂੰ ਕੋਈ ਹੁਲਾਰਾ ਨਹੀਂ ਦਿੱਤਾ ਗਿਆ, ਪਰ ਨੈਸ਼ਨਲ ਟੈਕਨਾਲੋਜੀ ਮਿਸ਼ਨ ਦੇ ਸ਼ੁਰੂ ਹੋਣ ਨਾਲ ਕਿਸਾਨ ਫੁੱਲਾਂ ਦੀ ਖੇਤੀ ਕਰਨ ਲੱਗ ਪਏ ਹਨ । ਕੇਂਦਰ ਸਰਕਾਰ ਦੇ ਬਾਗਬਾਨੀ ਵਿਭਾਗ ਦਾ ਕਹਿਣਾ ਹੈ ਕਿ ਭਾਰਤ ਵਿਸ਼ਵ ਦੀ ਫੁੱਲ ਮਾਰਕੀਟ ਵਿੱਚ ਅਹਿਮ ਯੋਗਦਾਨ ਪਾ ਰਿਹਾ ਹੈ ।

ਵਿਸ਼ਵ ਵਿੱਚ ਫੁੱਲਾਂ ਦਾ ਕਾਰੋਬਾਰ ਗਿਆਰਾਂ ਅਰਬ ਅਮਰੀਕੀ ਡਾਲਰ ਤੋਂ ਵੱਧ ਕੇ ਅਗਲੇ ਸਾਲਾਂ ਵਿੱਚ 16 ਅਰਬ ਡਾਲਰ ਤੋਂ ਵੀ ਵੱਧ ਹੋ ਜਾਵੇਗਾ । ਪਰ ਇਸ ਕਾਰੋਬਾਰ ਵਿੱਚ ਭਾਰਤ ਦੀ ਹਿੱਸੇਦਾਰੀ 0.2 ਫੀਸਦੀ ਹੈ । ਅੰਤਰਰਾਸ਼ਟਰੀ ਮੰਡੀ ਵਿੱਚ ਫੁੱਲਾਂ ਦੀ ਮੰਗ ਹਰ ਸਾਲ 6 ਤੋਂ 10 ਫੀਸਦੀ ਵੱਧ ਰਹੀ ਹੈ, ਕਿਉਂਕਿ ਤਾਜ਼ੇ ਫੁੱਲ ਵਿਆਹਾਂ ਅਤੇ ਧਾਰਮਿਕ ਸਥਾਨਾਂ 'ਤੇ ਵੱਡੀ ਪੱਧਰ 'ਤੇ ਵਰਤੇ ਜਾ ਰਹੇ ਹਨ ।

**ਬ੍ਰਿਜ ਭਾਨ**

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 08**
**ਮਿਤੀ 22-02-2025**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਸ਼ਹਿਦ ਮੱਖੀਆਂ ਲਈ ਮੁੱਖ ਫਲੋਰਾ ਅਤੇ ਇਸ ਦੀ ਮਹੱਤਤਾ


**ਜਸਪਾਲ ਸਿੰਘ, ਪਰਦੀਪ ਕੁਮਾਰ ਛੁਨੇਜਾ ਅਤੇ ਸੰਜੀਵ ਚੌਹਾਨ, ਕੀਟ ਵਿਗਿਆਨ ਵਿਭਾਗ, ਪੀ ਏ ਯੂ, ਲੁਧਿਆਣਾ**


ਸ਼ਹਿਦ ਮੱਖੀਆਂ ਦਾ ਫੁੱਲਾਂ ਨਾਲ ਆਦਿ ਕਾਲ ਤੋਂ ਹੀ ਗੂੜ੍ਹਾ ਸਬੰਧੀ ਰਿਹਾ ਹੈ। ਇਹ ਫੁੱਲਾਂ ਤੋਂ ਪੋਲਨ (ਪਰਾਗ) ਅਤੇ ਨੈਕਟਰ ਇਕੱਠਾ ਕਰਦੀਆਂ ਹਨ। ਇਸ ਦੇ ਬਦਲੇ ਇਹ ਪੌਦਿਆਂ ਦਾ ਅਨਜਾਣੇ ਹੀ ਪ੍ਰਾਗਣ ਕਰਕੇ ਉਨ੍ਹਾਂ ਨੂੰ ਉਪਜ ਵਿੱਚ ਵਾਧਾ ਕਰਨ ਅਤੇ ਬੂਟਿਆਂ ਦੀ ਨਸਲ ਨੂੰ ਚੱਲਦਾ ਰੱਖਣ ਵਿੱਚ ਸਹਾਈ ਹੁੰਦੀਆਂ ਹਨ। ਪਰਾਗ-ਕਣ ਪ੍ਰੋਟੀਨ ਅਤੇ ਨੈਕਟਰ ਖੰਡਾਂ ਦਾ ਸੋਮਾ ਹੋਣ ਕਾਰਨ ਇਹ ਮਧੂ ਮੱਖੀਆਂ ਦੇ ਸਰੀਰਕ ਵਿਕਾਸ ਅਤੇ ਕੰਮ ਕਰਨ ਲਈ ਸਹਾਈ ਹੁੰਦੇ ਹਨ। ਇਸ ਲਈ ਕਿਸੇ ਇਲਾਕੇ ਵਿੱਚ ਮਧੂ ਮੱਖੀਆਂ ਦੇ ਧੰਦੇ ਦੀ ਕਾਮਯਾਬੀ ਉੱਥੇ ਮੱਖੀਆਂ ਲਈ ਫੁੱਲ-ਫੁਲਾਕੇ ਦੀ ਬਹੁਤਾਤ ਤੇ ਨਿਰਭਰ ਕਰਦੀ ਹੈ।

ਜਿਨ੍ਹਾਂ ਇਲਾਕਿਆਂ ਵਿੱਚ ਨੈਕਟਰ ਅਤੇ ਪੋਲਨ ਦੇ ਸਰੋਤ ਫਸਲਾਂ ਅਤੇ ਦਰੱਖਤ ਵੱਡੇ ਇਲਾਕੇ ਅਤੇ ਲੰਬੇ ਸਮੇਂ ਲਈ ਮੌਜੂਦ ਹੋਣ, ਸ਼ਹਿਦ ਮੱਖੀ ਕਟੁੰਬਾਂ ਤੋਂ ਇੱਕ ਤੋਂ ਵੱਧ ਵਾਰ ਸ਼ਹਿਦ ਕੱਢਿਆ ਜਾ ਸਕਦਾ ਹੈ। ਪੰਜਾਬ ਵਿੱਚ ਸ਼ਹਿਦ ਮੱਖੀਆਂ ਖੁਰਾਕ ਲੈਣ ਲਈ ਤਕਰੀਬਨ 172 ਕਿਸਮ ਦੇ ਪੌਦਿਆਂ ਦੇ ਫੁੱਲਾਂ ਤੇ ਜਾਂਦੀਆਂ ਹਨ। ਸ਼ਹਿਦ ਮੱਖੀਆਂ 27 ਕਿਸਮ ਦੇ ਪੌਦਿਆਂ ਤੋਂ ਨੈਕਟਰ, 25 ਕਿਸਮ ਦੇ ਪੌਦਿਆਂ ਤੋਂ ਪੋਲਨ ਅਤੇ 120 ਕਿਸਮ ਦੇ ਪੌਦਿਆਂ ਤੋਂ ਨੈਕਟਰ ਅਤੇ ਪੋਲਨ ਦੋਵੇਂ ਇਕੱਠਾ ਕਰਦੀਆਂ ਹਨ।

**ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਫਸਲਾਂ** : ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਫਸਲਾਂ ਵਿੱਚੋਂ ਤੋਰੀਆ (ਅਕਤੂਬਰ-ਨਵੰਬਰ), ਰਾਇਆ (ਦਸੰਬਰ-ਫਰਵਰੀ), ਗੋਭੀ ਸਰ੍ਹੋਂ (ਜਨਵਰੀ-ਮਾਰਚ), ਸੂਰਜਮੁਖੀ (ਅਪ੍ਰੈਲ-ਮਈ), ਬਰਸੀਮ (ਅਪ੍ਰੈਲ-ਜੂਨ), ਕੱਦੂ ਜਾਤੀ (ਅਪ੍ਰੈਲ-ਮਈ, ਅਗਸਤ-ਅਕਤੂਬਰ), ਨਰਮਾ (ਅਗਸਤ-ਸਤੰਬਰ), ਆਦਿ ਨੈਕਟਰ ਅਤੇ ਪੋਲਨ ਦੇ ਬਹੁਤ ਵਧੀਆ ਸਰੋਤ ਹਨ। ਮੱਕੀ ਅਤੇ ਬਾਜਰਾ (ਮਈ-ਸਤੰਬਰ) ਪੋਲਨ ਦੇ ਜਦੋਂ ਕਿ ਅਰਹਰ (ਸਤੰਬਰ-ਅਕਤੂਬਰ) ਨੈਕਟਰ ਦੇ ਵਧੀਆ ਸਰੋਤ ਹਨ।

**ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਦਰੱਖਤ** : ਬਹੁਤ ਸਾਰੇ ਫਲਦਾਰ ਦਰੱਖਤ ਵੀ ਸ਼ਹਿਦ ਮੱਖੀਆਂ ਨੂੰ ਨੈਕਟਰ ਜਾਂ ਪੋਲਨ ਜਾਂ ਦੋਨੋਂ ਹੀ ਮੁਹੱਈਆ ਕਰਵਾਉਂਦੇ ਹਨ। ਇਨ੍ਹਾਂ ਵਿੱਚੋਂ ਮੁੱਖ ਤੌਰ ਤੇ ਨਿੰਬੂ ਜਾਤੀ (ਫਰਵਰੀ-ਅਪ੍ਰੈਲ), ਆੜੂ (ਜਨਵਰੀ-ਫਰਵਰੀ), ਨਾਸ਼ਪਾਤੀ (ਫਰਵਰੀ-ਮਾਰਚ), ਲੀਚੀ (ਮਾਰਚ-ਅਪ੍ਰੈਲ), ਅਮਰੂਦ (ਅਪ੍ਰੈਲ-ਮਈ, ਅਗਸਤ-ਸਤੰਬਰ) ਅਤੇ ਬੇਰ (ਅਗਸਤ-ਅਕਤੂਬਰ) ਸ਼ਹਿਦ ਮੱਖੀਆਂ ਲਈ ਨੈਕਟਰ ਅਤੇ ਪੋਲਨ ਦੇ ਬਹੁਤ ਵਧੀਆ ਸਰੋਤ ਹਨ।

ਫਸਲਾਂ ਅਤੇ ਫਲਦਾਰ ਦਰੱਖਤਾਂ ਤੋਂ ਇਲਾਵਾ ਬਹੁਤ ਸਾਰੇ ਜੰਗਲਾਤ ਅਤੇ ਸਜਾਵਟੀ ਦਰੱਖਤ, ਬੂਟੇ ਅਤੇ ਵੇਲਾਂ ਵੀ ਸ਼ਹਿਦ ਮੱਖੀਆਂ ਲਈ ਨੈਕਟਰ ਅਤੇ ਪੋਲਣ ਦਾ ਵਧੀਆ ਸਰੋਤ ਹਨ। ਇਸ ਲਈ ਇਹ ਦਰੱਖਤ ਨਾ ਸਿਰਫ ਪਰਾਗਣ ਕਰਨ ਵਾਲੇ ਕੀਟਾਂ ਜਾਂ ਜੰਗਲੀ ਮੱਖੀਆਂ ਦੇ ਵਾਧੇ ਵਿੱਚ ਯੋਗਦਾਨ ਪਾਉਂਦੇ ਹਨ ਬਲਕਿ ਪਾਲਤੂ ਸ਼ਹਿਦ ਮੱਖੀਆਂ ਦੇ ਵਪਾਰਕ ਉਤਪਾਦਨ ਵਿੱਚ ਵੀ ਵਾਧਾ ਕਰਦੇ ਹਨ।

ਜੰਗਲਾਤ ਅਤੇ ਸਜਾਵਟੀ ਦਰੱਖਤਾਂ ਵਿੱਚ ਸਫੈਦਾ (ਨਵੰਬਰ-ਦਸੰਬਰ, ਫਰਵਰੀ-ਅਪ੍ਰੈਲ), ਟਾਹਲੀ (ਮਾਰਚ-ਅਪ੍ਰੈਲ), ਬੇਰ (ਅਗਸਤ-ਸਤੰਬਰ) ਅਤੇ ਕੜ੍ਹੀ ਪੱਤਾ (ਅਪ੍ਰੈਲ-ਮਈ) ਨੈਕਟਰ ਅਤੇ ਪੋਲਣ ਦੇ ਬਹੁਤ ਵਧੀਆ ਸਰੋਤ ਹਨ। ਜਦੋਂ ਕਿ ਕਿੱਕਰ (ਅਗਸਤ-ਅਕਤੂਬਰ), ਧਰੇਕ (ਫਰਵਰੀ-ਮਾਰਚ), ਸੁਹੰਜਣਾ (ਮਾਰਚ-ਅਪ੍ਰੈਲ), ਸੁਬਬੂਲ (ਮਾਰਚ-ਅਪ੍ਰੈਲ, ਸਤੰਬਰ-ਅਕਤੂਬਰ), ਰੁਕਮੰਜਣੀ/ਸਾਵਣੀ (ਮਈ-ਸਤੰਬਰ), ਨਿੰਮ (ਮਈ), ਫਲਾਹੀ (ਜੂਨ-ਜੁਲਾਈ), ਆਦਿ ਦੇ ਵਧੀਆ ਸਰੋਤ ਹਨ। ਖੈਰ (ਜੁਲਾਈ-ਅਗਸਤ) ਤੋਂ ਇਲਾਵਾ ਕਚਨਾਰ (ਫਰਵਰੀ-ਮਈ), ਸਰੀਂਹ (ਮਈ-ਜੂਨ), ਅਮਲਤਾਸ (ਮਈ-ਜੂਨ), ਜਾਮਣ (ਮਈ-ਜੂਨ) ਅਤੇ ਅਰਜੁਨ (ਮਈ-ਜੂਨ), ਆਦਿ ਸਿਰਫ ਨੈਕਟਰ ਦੇ ਸਰੋਤ ਹਨ।



**ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਸਜਾਵਟੀ ਬੂਟੇ ਅਤੇ ਵੇਲਾਂ** : ਟੀਕੋਮਾ (ਅਪ੍ਰੈਲ-ਅਕਤੂਬਰ), ਪੀਲੀ ਕਨੇਰ (ਜੁਲਾਈ-ਸਤੰਬਰ) ਅਤੇ ਬਸੂਟੀ (ਮਾਰਚ-ਜੂਨ) ਨੈਕਟਰ ਦੇ ਵਧੀਆ ਸਰੋਤ ਹਨ। ਕਈ ਹੋਰ ਸਜਾਵਟੀ ਬੂਟਿਆਂ ਜਿਵੇਂ ਕਿ ਬੁਡਲੀਆ (ਫਰਵਰੀ-ਮਾਰਚ), ਹੈਮਲਟੋਨੀਆ (ਅਪ੍ਰੈਲ), ਮਾਧਵੀ ਲਤਾ (ਅਪ੍ਰੈਲ), ਰੁਕਮੰਜਣੀ/ਸਾਵਣੀ (ਮਈ-ਅਗਸਤ), ਹਮੀਲੀਆ (ਸਤੰਬਰ-ਅਕਤੂਬਰ) ਅਤੇ ਪੌਲਸੈਟੀਆ (ਦਸੰਬਰ-ਫਰਵਰੀ) ਤੋਂ ਸ਼ਹਿਦ ਮੱਖੀਆਂ ਨੂੰ ਨੈਕਟਰ ਅਤੇ ਪੋਲਨ ਦੋਨੋਂ ਪ੍ਰਾਪਤ ਹੁੰਦੇ ਹਨ।

ਸਜਾਵਟੀ ਵੇਲ ਕੋਰਲ ਕਰੀਪਰ ਜੁਲਾਈ ਤੋਂ ਅਕਤੂਬਰ ਦੌਰਾਨ ਸ਼ਹਿਦ ਮੱਖੀਆਂ ਨੂੰ ਭਰਪੂਰ ਨੈਕਟਰ ਅਤੇ ਪੋਲਨ ਮੁਹੱਈਆ ਕਰਵਾਉਂਦੀ ਹੈ। ਨਸਟਰਸ਼ੀਅਮ (ਜਨਵਰੀ-ਮਾਰਚ), ਗਰੇਪ ਫਲਾਵਰ ਵੇਲ (ਮਾਰਚ-ਅਪ੍ਰੈਲ) ਅਤੇ ਰੇਲਵੇ ਕਰੀਪਰ (ਅਗਸਤ-ਸਤੰਬਰ) ਵੀ ਨੈਕਟਰ ਅਤੇ ਪੋਲਨ ਦੇ ਸਰੋਤ ਹਨ ਪਰੰਤੂ ਚੀਨੀ ਟਰੰਪਟ ਤੋਂ ਜੂਨ-ਸਤੰਬਰ ਦੌਰਾਨ ਨੈਕਟਰ ਮੌਜੂਦ ਹੁੰਦਾ ਹੈ।

**ਪੰਜਾਬ ਵਿੱਚ ਨੈਕਟਰ ਅਤੇ ਪੋਲਨ ਦੀ ਘਾਟ ਦੇ ਸਮੇਂ ਬੀ ਫਲੋਰਾ** : ਹਾਲਾਂਕਿ ਪੰਜਾਬ ਵਿੱਚ ਸ਼ਹਿਦ ਦੀ ਆਮਦ ਦੇ ਮੁੱਖ ਸਮੇਂ (ਸਰਦੀ ਅਤੇ ਬਸੰਤ ਰੁੱਤ) ਦੌਰਾਨ ਸ਼ਹਿਦ ਮੱਖੀਆਂ ਸਰ੍ਹੋਂ ਅਤੇ ਸਫੈਦੇ ਤੋਂ ਇਲਾਵਾ ਵੀ ਕਈ ਦਰੱਖਤਾਂ ਅਤੇ ਬੂਟਿਆਂ ਤੋਂ ਸ਼ਹਿਦ ਅਤੇ ਪੋਲਨ ਪ੍ਰਾਪਤ ਕਰਦੀਆਂ ਹਨ, ਪਰੰਤੂ ਇਸ ਸਮੇਂ ਤੋਂ ਉਪਰੰਤ ਖੁਰਾਕ ਦੀ ਘਾਟ ਕਾਰਨ ਸ਼ਹਿਦ ਮੱਖੀਆਂ ਦੇ ਕਟੁੰਬਾਂ ਦੀ ਉਤਪਾਦਕਤਾ ਘੱਟ ਜਾਂਦੀ ਹੈ। ਸੋ ਲੋੜ ਹੈ ਕਿ ਅਜਿਹੇ ਦਰੱਖਤ ਅਤੇ ਬੂਟੇ ਵੱਡੀ ਪੱਧਰ ਤੇ ਲਾਏ ਜਾਣ ਜਿਹੜੇ ਸ਼ਹਿਦ ਮੱਖੀਆਂ ਨੂੰ ਖੁਰਾਕ ਦੀ ਘਾਟ ਦੇ ਸਮੇਂ (ਮਈ-ਅਕਤੂਬਰ) ਦੌਰਾਨ ਨੈਕਟਰ ਅਤੇ ਪੋਲਨ ਮੁਹੱਈਆ ਕਰਵਾਉਣ ਲਈ ਜਾਮਣ, ਰੁਕਮੰਜਣੀ, ਅਰਜੁਣ, ਖੈਰ, ਕਿੱਕਰ, ਫਲਾਹੀ, ਕੇਸੀਆ, ਮਲਾਹ, ਸੁਬਬੂਲ, ਰੇਲਵੇ ਕਰੀਪਰ, ਆਦਿ ਦਰੱਖਤ/ਬੂਟੇ ਲਗਾਉਣੇ ਚਾਹੀਦੇ ਹਨ।

**ਸ਼ਹਿਦ ਮੱਖੀ ਕਟੁੰਬਾਂ ਦੀ ਹਿਜਰਤ ਦੀਆਂ ਸੰਭਾਵਨਾਵਾਂ** : ਸਾਲ ਦੇ ਵੱਖ-ਵੱਖ ਮਹੀਨਿਆਂ ਦੌਰਾਨ ਪੰਜਾਬ ਅਤੇ ਆਸ-ਪਾਸ ਦੇ ਰਾਜਾਂ ਵਿੱਚ ਉਪਲਬਧ ਨੈਕਟਰ ਅਤੇ ਪੋਲਨ ਦੇ ਸਰੋਤਾਂ ਤੋਂ ਵੀ ਪੰਜਾਬ ਦੇ ਸ਼ਹਿਦ ਮੱਖੀ ਪਾਲਕ ਆਪਣੇ ਮੱਖੀ ਕਟੁੰਬਾਂ ਦੀ ਹਿਜਰਤ ਕਰ ਸਕਦੇ ਹਨ।

★ ਖੈਰ ਤੋਂ ਸ਼ਹਿਦ ਪ੍ਰਾਪਤ ਕਰਨ ਲਈ ਜੁਲਾਈ-ਅਗਸਤ ਦੌਰਾਨ ਪੰਜਾਬ ਦੇ ਕੰਡੀ ਇਲਾਕੇ, ਹੁਸ਼ਿਆਰਪੁਰ, ਆਨੰਦਪੁਰ ਸਾਹਿਬ, ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਅਤੇ ਹਰਿਆਣਾ ਦੇ ਪਿੰਜੌਰ ਅਤੇ ਮੋਰਨੀ ਹਿਲਜ਼ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

★ ਬਾਜਰਾ ਸ਼ਹਿਦ ਮੱਖੀਆਂ ਲਈ ਪੋਲਨ ਦਾ ਬਹੁਤ ਵਧੀਆ ਸਰੋਤ ਹੈ ਜੋ ਕਟੁੰਬਾਂ ਵਿੱਚ ਬਰੂਡ ਅਤੇ ਸ਼ਹਿਦ ਮੱਖੀਆਂ ਦੇ ਵਾਧੇ ਲਈ ਅਨੁਕੂਲ ਹੈ। ਇਸ ਲਈ ਜੁਲਾਈ-ਅਗਸਤ ਦੌਰਾਨ ਹਰਿਆਣਾ ਦੇ ਨਰਭੱਦਰਾ, ਚਰਖੀ ਦਾਦਰੀ, ਰਿਵਾੜੀ ਅਤੇ ਰਾਜਸਥਾਨ ਦੇ ਭਰਤਪੁਰ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

★ ਅਜਵੈਣ ਤੋਂ ਸ਼ਹਿਦ ਪ੍ਰਾਪਤ ਕਰਨ ਲਈ ਜੁਲਾਈ-ਅਗਸਤ ਦੌਰਾਨ ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਅਤੇ ਰਾਜਸਥਾਨ ਦੇ ਚਿਤੌੜਗੜ੍ਹ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

★ ਸਤੰਬਰ-ਅਕਤੂਬਰ ਦੌਰਾਨ ਅਰਹਰ ਤੋਂ ਸ਼ਹਿਦ ਪ੍ਰਾਪਤੀ ਲਈ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਸੰਗਰੂਰ, ਆਦਿ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ। ਫਰੀਦਕੋਟ, ਮਾਨਸਾ, ਬਠਿੰਡਾ, ਬਰਨਾਲਾ, ਅਬੋਹਰ ਅਤੇ ਹਰਿਆਣਾ ਦੇ ਹਿਸਾਰ ਅਤੇ ਸਿਰਸਾ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਕੇ ਬੇਰ ਅਤੇ ਨਰਮੇ ਤੋਂ ਸ਼ਹਿਦ ਪ੍ਰਾਪਤ ਕੀਤਾ ਜਾ ਸਕਦਾ ਹੈ।

★ ਨਵੰਬਰ ਦੌਰਾਨ ਛਿਛੜੀ ਦਾ ਸ਼ਹਿਦ ਪ੍ਰਾਪਤ ਕਰਨ ਲਈ ਜੰਮੂ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ। ਇਸ ਸਮੇਂ ਦੌਰਾਨ ਤੋਰੀਆ ਅੰਮ੍ਰਿਤਸਰ, ਤਰਨਤਾਰਨ, ਖਡੂਰ ਸਾਹਿਬ, ਰਾਇਆ ਆਦਿ ਇਲਾਕਿਆਂ ਵਿੱਚ ਹੁੰਦਾ ਹੈ।

★ ਰਾਇਆ ਭਾਰਤ ਵਿੱਚ ਸ਼ਹਿਦ ਦਾ ਪ੍ਰਮੁੱਖ ਸਰੋਤ ਹੈ। ਇਸ ਸ਼ਹਿਦ ਦੀ ਪ੍ਰਾਪਤੀ ਲਈ ਦਸੰਬਰ-ਜਨਵਰੀ ਦੌਰਾਨ ਰਾਜਸਥਾਨ ਦੇ ਭਰਤਪੁਰ, ਕੋਟਾ, ਸ੍ਰੀ ਗੰਗਾਨਗਰ ; ਹਰਿਆਣਾ ਦੇ ਹਿਸਾਰ, ਰਿਵਾੜੀ ਅਤੇ ਪੰਜਾਬ ਦੇ ਬਠਿੰਡਾ, ਤਲਵੰਡੀ ਸਾਬੋ ਅਤੇ ਮਾਨਸਾ ਆਦਿ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ। ਫਰਵਰੀ-ਮਾਰਚ ਦੌਰਾਨ ਰਾਇਆ, ਗੋਭੀ ਸਰ੍ਹੋਂ, ਸਫੈਦਾ, ਟਾਹਲੀ, ਆਦਿ ਸ਼ਹਿਦ ਮੱਖੀਆਂ ਨੂੰ ਭਰਪੂਰ ਨੈਕਟਰ ਅਤੇ ਪੋਲਨ ਉਪਲਬਧ ਕਰਵਾਉਂਦੇ ਹਨ। ਰਾਜਸਥਾਨ ਦੇ ਕੋਟਾ ਅਤੇ ਮੱਧ ਪ੍ਰਦੇਸ਼ ਦੇ ਸੁਲਤਾਨਪੁਰ ਅਤੇ ਸ਼ਿਵਪੁਰ ਇਲਾਕਿਆਂ ਤੋਂ ਧਨੀਏ ਦਾ ਸ਼ਹਿਦ ਪ੍ਰਾਪਤ ਕਰ ਸਕਦੇ ਹੋ।

★ ਅਪ੍ਰੈਲ ਦੌਰਾਨ ਕੰਡੀ ਇਲਾਕਾ ਵਿੱਚ ਟਾਹਲੀ, ਫਲਾਹੀ, ਕੜ੍ਹੀ ਪੱਤਾ ਜਦੋਂ ਕਿ ਪਠਾਨਕੋਟ ਅਤੇ ਗੁਰਦਾਸਪੁਰ ਦੇ ਇਲਾਕਿਆਂ ਤੋਂ ਲੀਚੀ ਦਾ ਸ਼ਹਿਦ ਪ੍ਰਾਪਤ ਕਰ ਸਕਦੇ ਹੋ। ਅਪ੍ਰੈਲ-ਮਈ ਦੌਰਾਨ ਲਗਭੱਗ ਸਾਰੇ ਪੰਜਾਬ ਵਿੱਚ ਬਰਸੀਮ ਤੋਂ ਅਤੇ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਨਕੋਦਰ, ਰਾਜਪੁਰਾ, ਹਰਿਆਣਾ ਤੋਂ ਸੂਰਜਮੁਖੀ ਦੇ ਫੁੱਲਾਂ ਤੋਂ ਸ਼ਹਿਦ ਪ੍ਰਾਪਤੀ ਲਈ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

ਫੁੱਲਾਂ ਵਾਲੇ ਦਰੱਖਤਾਂ/ਬੂਟਿਆਂ ਤੋਂ ਇਲਾਵਾ ਬੋਹੜ, ਪਿੱਪਲ, ਅੰਬ ਅਤੇ ਲਸੂੜਾ, ਆਦਿ ਸ਼ਹਿਦ ਮੱਖੀਆਂ ਨੂੰ ਛੱਤੇ ਲਾਉਣ ਲਈ ਜਗ੍ਹਾ ਵੀ ਉਪਲਬਧ ਕਰਵਾਉਂਦੇ ਹਨ। ਸ਼ਹਿਦ ਮੱਖੀ ਪਾਲਕਾਂ ਨੂੰ ਕਿਸਾਨਾਂ, ਪੰਚਾਇਤਾਂ, ਸੋਸਾਇਟੀਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਪਿੰਡਾਂ ਵਿੱਚ, ਪਿੰਡ ਦੇ ਰਸਤੇ ਅਤੇ ਫਿਰਨੀ ਤੇ ਉਹ ਦਰੱਖਤ ਅਤੇ ਬੂਟੇ ਲਗਾਉਣੇ ਚਾਹੀਦੇ ਹਨ ਜਿਨ੍ਹਾਂ ਤੋਂ ਸ਼ਹਿਦ ਮੱਖੀਆਂ ਨੂੰ ਖਾਸ ਤੌਰ ਤੇ ਖੁਰਾਕ ਦੀ ਘਾਟ ਸਮੇਂ ਨੈਕਟਰ ਅਤੇ ਪੋਲਣ ਮਿਲਦਾ ਹੋਵੇ। ਅਜਿਹਾ ਕਰਕੇ ਸ਼ਹਿਦ ਮੱਖੀ ਪਾਲਣ ਤੋਂ ਆਮਦਨ ਨੂੰ ਵਧਾਇਆ ਜਾ ਸਕਦਾ ਹੈ।

# ਗਰਮ ਰੁੱਤ ਦੀ ਮੂੰਗੀ ਤੋਂ ਵਧੇਰੇ ਝਾੜ ਲੈਣ ਲਈ ਤਕਨੀਕਾਂ

ਜਗਜੋਤ ਸਿੰਘ ਗਿੱਲ, ਅਜੇ ਕੁਮਾਰ ਚੌਧਰੀ,
ਫਾਰਮ ਸਲਾਹਕਾਰ ਸੇਵਾ ਕੇਂਦਰ, ਫਿਰੋਜ਼ਪੁਰ (ਮੋ. 82839-32427)

**ਪੰਜਾਬ ਵਿਚ ਮੂੰਗੀ ਨੂੰ ਗਰਮੀ ਅਤੇ ਸਾਉਣੀ ਦੀ ਰੁੱਤ ਵਿਚ ਲਗਾਇਆ ਜਾਂਦਾ ਹੈ। ਘੱਟ ਸਮੇਂ ਦੀ ਫਸਲ ਹੋਣ ਕਰ ਕੇ ਝੋਨਾ-ਕਣਕ ਫਸਲੀ ਚੱਕਰ ਵਿਚ ਇਸ ਦੀ ਕਾਸ਼ਤ ਬਹੁਤ ਢੁੱਕਵੀਂ ਹੈ। ਮੂੰਗੀ ਖੁਰਾਕੀ ਪ੍ਰੋਟੀਨ ਅਤੇ ਲੋਹੇ ਦਾ ਚੰਗਾ ਸ੍ਰੋਤ ਹੈ। ਇਸ ਫਸਲ ਦੀ ਕਾਸ਼ਤ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ। ਫਸਲ ਦਾ ਵੱਧ ਝਾੜ ਲੈਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਵੱਲ ਧਿਆਨ ਦੇਣਾ ਚਾਹੀਦਾ ਹੈ।**

**ਮੌਸਮ ਤੇ ਜ਼ਮੀਨ ਦੀ ਚੋਣ** : ਫਸਲ ਦੇ ਵਾਧੇ ਲਈ ਗਰਮ ਮੌਸਮ ਦੀ ਜ਼ਰੂਰਤ ਹੁੰਦੀ ਹੈ। ਕਾਸ਼ਤ ਲਈ ਕਲਰਾਠੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ ਢੁੱਕਵੀਆਂ ਹਨ। ਚੰਗੇ ਜਲ ਨਿਕਾਸ ਵਾਲੀ ਭਲ ਤੋਂ ਰੇਤਲੀ ਭਲ ਵਾਲੀ ਜ਼ਮੀਨ ਕਾਸ਼ਤ ਲਈ ਸਹੀ ਹੈ।

**ਕਿਸਮਾਂ** : ਐੱਸ ਐੱਮ ਐਲ-1827, ਟੀ ਐੱਮ ਬੀ-37, ਐੱਸ ਐੱਮ ਐਲ-832 ਅਤੇ ਐੱਸ ਐੱਮ ਐਲ-668 ਗਰਮ ਰੁੱਤ ਦੀ ਮੂੰਗੀ ਦੀਆਂ ਉੱਨਤ ਕਿਸਮਾਂ ਹਨ। ਐੱਸ ਐੱਮ ਐਲ-1827 62 ਦਿਨਾਂ ਵਿਚ ਪੱਕ ਜਾਂਦੀ ਹੈ, ਇਸ ਦਾ ਔਸਤ ਝਾੜ 5 ਕੁਇੰਟਲ ਫੀ ਏਕੜ ਹੈ। ਟੀ ਐੱਮ ਬੀ-37 ਕੁਲ 60 ਦਿਨਾਂ ਵਿਚ ਪੱਕਦੀ ਹੈ। ਇਸ ਦਾ ਔਸਤ ਝਾੜ 4.9 ਕੁਇੰਟਲ ਫੀ ਏਕੜ ਹੈ। ਐੱਸ ਐੱਮ ਐਲ-832 ਕਰੀਬ 61 ਦਿਨਾਂ ਵਿਚ ਪੱਕਦੀ ਹੈ ਅਤੇ ਔਸਤ ਝਾੜ 4.6 ਕੁਇੰਟਲ ਫੀ ਏਕੜ ਹੈ। ਐੱਸ ਐੱਮ ਐਲ-668 ਕਰੀਬ 60 ਦਿਨਾਂ ਵਿਚ ਪੱਕ ਜਾਂਦੀ ਹੈ ਅਤੇ ਔਸਤ ਝਾੜ 4.5 ਕੁਇੰਟਲ ਫੀ ਏਕੜ ਹੈ।

**ਜ਼ਮੀਨ ਦੀ ਤਿਆਰੀ** : ਖੇਤ 2-3 ਵਾਰ ਵਾਹੋ। ਹਰ ਵਾਹੀ ਮਗਰੋਂ ਸੁਹਾਗਾ ਮਾਰੋ। ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਕਣਕ ਵੱਢਣ ਬਾਅਦ ਬਿਨਾ ਵਾਹੇ ਵੀ ਕੀਤੀ ਜਾ ਸਕਦੀ ਹੈ। ਜੇ ਖੇਤ 'ਚ ਕਣਕ ਦਾ ਨਾੜ ਨਹੀਂ ਤਾਂ ਜ਼ੀਰੋ-ਟਿੱਲ ਡਰਿੱਲ ਨਾਲ ਬੀਜੀ ਜਾ ਸਕਦੀ ਹੈ। ਜੇ ਕੰਬਾਈਨ ਨਾਲ ਕਣਕ ਦੀ ਕਆਈ ਮਗਰੋਂ ਕਣਕ ਦਾ ਨਾੜ ਖੇਤ 'ਚ ਹੋਵੇ ਤਾਂ ਪੀ ਏ ਯੂ ਹੈਪੀ ਸੀਡਲ ਨਾਲ ਮੂੰਗੀ ਬੀਜੋ।

**ਬਿਜਾਈ ਦਾ ਸਮਾਂ** : ਬਿਜਾਈ 20 ਮਾਰਚ ਤੋਂ 10 ਅਪਰੈਲ ਤੱਕ ਕਰ ਲੈਣੀ ਚਾਹੀਦੀ ਹੈ। ਇਸ ਤੋਂ ਬਾਅਦ ਬੀਜੀ ਫਸਲ ਦਾ ਪੱਕਣ ਸਮੇਂ ਅਗੇਤੀ ਮੌਨਸੂਨੀ ਮੀਂਹ ਨਾਲ ਨੁਕਸਾਨ ਹੋ ਸਕਦਾ ਹੈ।

**ਬੀਜ ਦੀ ਮਾਤਰਾ** : ਇੱਕ ਏਕੜ ਲਈ ਐੱਸ ਐੱਮ ਐਲ-668 ਦਾ 15 ਕਿਲੋ, ਐੱਸ ਐੱਮ ਐਲ-1827, ਟੀ ਐੱਮ ਬੀ-37 ਅਤੇ ਐੱਸ ਐੱਮ ਐਲ-832 ਦਾ 12 ਕਿਲੋ ਬੀਜ ਕਾਫੀ ਹੈ।

**ਬੀਜ ਨੂੰ ਟੀਕਾ ਲਾਉਣਾ** : ਬੀਜ ਨੂੰ ਮਿਸ਼ਰਤ ਜੀਵਾਣੂ ਖਾਦ ਦਾ ਟੀਕਾ ਲਾਉਣ ਨਾਲ ਝਾੜ ਵਧਦਾ ਹੈ। ਇੱਕ ਏਕੜ ਦੇ ਬੀਜ ਨੂੰ ਤਕਰੀਬਨ 300 ਮਿਲੀਲਿਟਰ ਪਾਣੀ ਨਾਲ ਗਿਲਾ ਕਰ ਕੇ ਮਿਸ਼ਰਿਤ ਜੀਵਾਣੂ ਖਾਦ ਦੇ ਇਕ ਪੈਕੇਟ (ਰਾਈਜ਼ੋਬੀਅਮ ਐੱਲ ਐਸ ਐਮ ਆਰ-1 ਅਤੇ ਰਾਈਜ਼ੋਬੈਕਟੀਰੀਅਮ ਆਰ ਬੀ-3) ਨਾਲ ਚੰਗੀ ਤਰ੍ਹਾਂ ਮਿਲਾਓ ਅਤੇ ਛਾਂ ਵਿਚ ਸੁਕਾਓ। ਟੀਕੇ ਤੋਂ ਬਾਅਦ ਇਕ ਘੰਟੇ ਅੰਦਰ ਬਿਜਾਈ ਹੋ ਜਾਣੀ ਚਾਹੀਦੀ ਹੈ।

**ਬਿਜਾਈ ਦਾ ਢੰਗ** : ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਬੀਜ ਡਰਿੱਲ, ਜ਼ੀਰੋ-ਟਿੱਲ ਡਰਿੱਲ ਜਾਂ ਹੈਪੀ ਸੀਡਰ ਨਾਲ ਕੀਤੀ ਜਾ ਸਕਦੀ ਹੈ। ਸਿਆੜਾਂ ਵਿਚਕਾਰ ਫਾਸਲਾ 22.5 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 7 ਸੈਂਟੀਮੀਟਰ ਰੱਖੋ। ਬੀਜ 4 ਤੋਂ 6 ਸੈਂਟੀਮੀਟਰ ਡੂੰਘਾ ਬੀਜੋ। ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ 37.5 ਸੈਂਟੀਮੀਟਰ ਚੌੜੇ ਬੈੱਡ ਉੱਤੇ 20 ਸੈਂਟੀਮੀਟਰ ਵਿੱਥ 'ਤੇ ਦੋ ਕਤਾਰਾਂ ਵਿਚ ਕਰੋ। ਦੋ ਬੈੱਡਾਂ ਵਿਚਕਾਰ 30 ਸੈਂਟੀਮੀਟਰ ਚੌੜੀ ਖਾਲ ਬਣਾਓ। ਗਰਮ ਰੁੱਤ ਦੀ ਮੂੰਗੀ ਦੀ ਬੈੱਡਾਂ 'ਤੇ ਬਿਜਾਈ ਨਾਲ ਬੀਜ



ਉੱਗਣ ਸਮੇਂ ਮੀਂਹ ਦੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ। ਇਸ ਨਾਲ ਪੱਧਰੀ ਬਿਜਾਈ ਦੇ ਮੁਕਾਬਲੇ ਲਗਭਗ 10 ਫੀਸਦੀ ਜ਼ਿਆਦਾ ਝਾੜ ਮਿਲਦਾ ਹੈ ਅਤੇ ਪਾਣੀ ਦੀ ਬੱਚਤ ਵੀ ਹੁੰਦੀ ਹੈ।

**ਖਾਦਾਂ** : ਕਣਕ ਦੀ ਵਾਢੀ ਪਿੱਛੋਂ ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 100 ਕਿਲੋ ਸੁਪਰਫਾਸਫੇਟ ਫੀ ਏਕੜ ਡਰਿਲ ਕਰ ਦਿਉ। ਜੇ ਬਿਜਾਈ ਆਲੂ ਦੀ ਫਸਲ ਤੋਂ ਪਿਛੋਂ ਕਰਨੀ ਹੋਵੇ ਤਾਂ ਖਾਦ ਪਾਉਣ ਦੀ ਲੋੜ ਨਹੀਂ।

**ਨਦੀਨਾਂ ਦੀ ਰੋਕਥਾਮ** : ਬਿਜਾਈ ਤੋਂ ਮਹੀਨਾ ਬਾਅਦ ਪਹਿਲੀ ਗੋਡੀ ਅਤੇ ਉਸ ਤੋਂ 15 ਦਿਨਾਂ ਬਾਅਦ ਦੂਜੀ ਗੋਡੀ ਕਰਨੀ ਚਾਹੀਦੀ ਹੈ।

**ਸਿੰਜਾਈ** : ਮੂੰਗੀ ਨੂੰ 3 ਤੋਂ 5 ਪਾਣੀਆਂ ਦੀ ਜ਼ਰੂਰਤ ਹੈ। ਪਹਿਲਾ ਪਾਣੀ ਬਿਜਾਈ ਤੋਂ 25 ਦਿਨਾਂ ਬਾਅਦ ਅਤੇ ਆਖਿਰੀ ਪਾਣੀ ਬਿਜਾਈ ਤੋਂ ਤਕਰੀਬਨ 55 ਦਿਨਾਂ ਬਾਅਦ ਲਾਉ। ਇਉਂ ਝਾੜ ਵਧਦਾ ਅਤੇ ਫਲੀਆਂ ਇਕਸਾਰ ਪੱਕਦੀਆਂ ਹਨ।

**ਵਾਢੀ** : ਸਹੀ ਸਮਾਂ 80 ਫੀਸਦੀ ਫਲੀਆਂ ਪੱਕਣ 'ਤੇ ਹੈ।

**ਫਸਲ 'ਤੇ ਹਮਲਾ ਕਰਨ ਵਾਲੇ ਕੀੜੇ**

**ਥਰਿੱਪ** : ਇਹ ਰਸ ਚੂਸਣ ਵਾਲਾ ਕੀੜਾ ਹੈ। ਇਸ ਦਾ ਹਮਲਾ ਗੰਭੀਰ ਹੁੰਦਾ ਹੈ। ਇਹ ਬੂਟੇ ਦੇ ਵੱਖ ਵੱਖ ਹਿੱਸਿਆਂ 'ਤੇ ਹਮਲਾ ਕਰਦਾ ਹੈ ਜਿਵੇਂ ਟਾਹਣੀਆਂ, ਪੱਤੇ, ਡੋਡੀਆਂ ਅਤੇ ਫੁੱਲ। ਇਹ ਅੰਦਰੋਂ ਫੁੱਲਾਂ ਦਾ ਰਸ ਚੂਸਦਾ ਹੈ ਜਿਸ ਕਾਰਨ ਫੁੱਲਾਂ ਦੀ ਸ਼ਕਲ ਅਤੇ ਰੰਗ ਖਰਾਬ ਹੋ ਜਾਂਦਾ ਹੈ ਤੇ ਫੁੱਲ ਖੁੱਲ੍ਹਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ। ਇਸ ਹਾਲਤ ਵਿਚ ਬੂਟਾ ਝਾੜੀ ਵਾਂਗ ਨਜ਼ਰ ਆਉਂਦਾ ਹੈ। ਰਸ ਚੂਸੇ ਜਾਣ ਕਰ ਕੇ ਫਲੀਆਂ ਘੱਟ ਪੈਂਦੀਆਂ ਹਨ ਅਤੇ ਫਲੀਆਂ ਦਾ ਆਕਾਰ ਖਰਾਬ ਹੋ ਜਾਂਦਾ ਹੈ, ਦਾਣੇ ਸੁੰਗੜ ਜਾਂਦੇ ਹਨ।

**ਫਲੀ ਛੇਦਕ ਸੁੰਡੀ** : ਫਲੀ ਛੇਦਕ ਸੁੰਡੀ ਬਹੁ-ਫਸਲੀ ਕੀੜਾ ਹੈ। ਸੁੰਡੀ ਦਾ ਰੰਗ ਪੀਲਾ, ਭੂਰਾ ਅਤੇ ਕਾਲਾ ਵੀ ਹੋ ਸਕਦਾ ਹੈ; ਲੰਬਾਈ 3 ਤੋਂ 5 ਸੈਂਟੀਮੀਟਰ ਹੋ ਸਕਦੀ ਹੈ। ਇਹ ਫਸਲ ਦੇ ਪੱਤੇ, ਫੁੱਲ, ਫਲੀਆਂ ਅਤੇ ਦਾਣਿਆਂ ਨੂੰ ਖਾਂਦੀ ਹੈ। ਹਮਲੇ ਦਾ ਪਤਾ ਪੱਤਿਆਂ ਤੇ ਫਲੀਆਂ 'ਚ ਮੋਰੀਆਂ ਅਤੇ ਬੂ ਟਿਆਂ ਹੇਠਾਂ ਗੂੜੇ ਹਰੇ ਰੰਗ ਦੀਆਂ ਬਿੱਠਾਂ ਤੋਂ ਲਗਦਾ ਹੈ।

**ਤੰਬਾਕੂ ਸੁੰਡੀ** : ਇਹ ਬਹੁ-ਫਸਲੀ, ਛੋਟੀਆਂ ਸੁੰਡੀਆਂ ਕਾਲੇ ਰੰਗ ਦੀਆਂ ਹੁੰਦੀਆਂ ਹਨ। ਵੱਡੀਆਂ ਸੁੰਡੀਆਂ ਦਾ ਰੰਗ ਗੂੜ੍ਹਾ ਹਰਾ ਹੁੰਦਾ ਹੈ ਤੇ ਉੱਪਰ ਕਾਲੇ ਰੰਗ ਦੇ ਤਿਕੋਣੇ ਧੱਬੇ ਹੁੰਦੇ ਹਨ। ਆਂਡਿਆਂ ਵਿਚੋਂ ਨਿੱਕਲਣ ਤੋਂ ਬਾਅਦ ਛੋਟੀਆਂ ਸੁੰਡੀਆਂ ਝੁੰਡਾਂ ਵਿਚ ਪੱਤਿਆਂ ਦਾ ਹਰਾ ਮਾਦਾ ਖਾਂਦੀਆਂ ਹਨ ਅਤੇ ਮੋਰੀਆਂ ਕਰ ਦਿੰਦੀਆਂ ਹਨ। ਬਾਅਦ ਵਿਚ ਵੱਡੀਆਂ ਸੁੰਡੀਆਂ ਸਾਰੇ ਖੇਤ ਵਿਚ ਖਿੱਲਰ ਕੇ ਨੁਕਸਾਨ ਕਰਦੀਆਂ ਹਨ। ਪੱਤਿਆਂ ਦੇ ਨਾਲ-ਨਾਲ ਇਹ ਡੋਡੀਆਂ, ਫੁੱਲਾਂ ਅਤੇ ਫਲੀਆਂ ਦਾ ਨੁਕਸਾਨ ਕਰਦੀਆਂ ਹਨ। ਇਸ ਦੀ ਰੋਕਥਾਮ ਲਈ ਖੇਤ ਨੂੰ ਨਦੀਨ ਖਾਸ ਕਰ ਇੱਟਸਿੱਟ ਰਹਿਤ ਰੱਖੋ। ਤੰਬਾਕੂ ਸੁੰਡੀ ਦੇ ਆਂਡੇ ਅਤੇ ਛੋਟੀਆਂ ਸੁੰਡੀਆਂ ਨੂੰ ਪੱਤੇ ਸਣੇ ਨਸ਼ਟ ਕਰ ਦਿਓ।

## ਫਸਲ ਨੂੰ ਲੱਗਣ ਵਾਲੀਆਂ ਬਿਮਾਰੀਆਂ

### ਚਿਤਕਬਰਾ ਰੋਗ

ਇਹ ਵਿਸ਼ਾਣੂ ਰੋਗ ਹੈ ਜੋ ਚਿੱਟੀ ਮੱਖੀ ਦੁਆਰਾ ਫੈਲਦਾ ਹੈ। ਇਸ ਦਾ ਅਸਰ ਪਹਿਲਾਂ ਨਵੇਂ ਪੱਤਿਆਂ 'ਤੇ ਹੁੰਦਾ ਹੈ, ਪੱਤੇ ਪੀਲੇ ਹੋ ਜਾਂਦੇ ਹਨ ਅਤੇ ਥੱਲੇ ਵੱਲ ਮੁੜ ਜਾਂਦੇ ਹਨ। ਪੁਰਾਣੇ ਪੱਤਿਆਂ ਉੱਪਰ ਪੀਲੇ ਅਤੇ ਹਰੇ ਰੰਗ ਦੇ ਚਟਾਕ ਪੈ ਜਾਂਦੇ ਹਨ। ਪੌਦੇ ਦਾ ਵਾਧਾ ਰੁੱਕ ਜਾਂਦਾ ਹੈ। ਰੋਗੀ ਪੌਦੇ ਨੂੰ ਬਹੁਤ ਘੱਟ ਫੁੱਲ ਤੇ ਫਲੀਆਂ ਲਗਦੀਆਂ ਹਨ। ਗਰਮ ਅਤੇ ਨਮੀਂ ਵਾਲੇ ਮੌਸਮ ਵਿਚ 100 ਫੀਸਦੀ ਤੱਕ ਨੁਕਸਾਨ ਹੋ ਜਾਂਦਾ ਹੈ ਕਿਉਂਕਿ ਇਸ ਮੌਸਮ ਵਿਚ ਚਿੱਟੀ ਮੱਖੀ ਦਾ ਵਾਧਾ ਜ਼ਿਆਦਾ ਹੁੰਦਾ ਹੈ। ਇਸ ਰੋਗ ਤੋਂ ਬਚਣ ਲਈ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਸਿਫਾਰਸ਼ ਸਮੇਂ ਦੌਰਾਨ ਕਰਨੀ ਚਾਹੀਦੀ ਹੈ ਅਤੇ ਰੋਗੀ ਬੂਟਿਆਂ ਨੂੰ ਸ਼ੁਰੂ ਵਿਚ ਹੀ ਕੱਢ ਦੇਣਾ ਚਾਹੀਦਾ ਹੈ। ਇਸ ਰੋਗ ਦਾ ਟਾਕਰਾ ਕਰਨ ਵਾਲੀ ਕਿਸਮ ਐਸ ਐਮ ਐਲ-1827 ਲਗਾਉਣੀ ਚਾਹੀਦੀ ਹੈ।

### ਜੜ੍ਹਾਂ ਗਲਣੀਆਂ

ਜੜ੍ਹਾਂ ਦਾ ਗਲਣਾ ਉੱਲੀ ਰੋਗ ਹੈ। ਇਹ ਉੱਲੀ ਬੀਜ ਅਤੇ ਮਿੱਟੀ ਤੋਂ ਆ ਸਕਦੀ ਹੈ। ਇਹ ਪੌਦੇ ਉੱਪਰ ਮੁੱਢਲੀ ਅਤੇ ਸਿਖਰਲੀ ਅਵਸਥਾ ਵਿਚ ਹਮਲਾ ਕਰ ਸਕਦੀ ਹੈ। ਉੱਲੀ ਕਾਰਨ ਪੌਦੇ ਦੀ ਮੁੱਢਲੀ ਅਵਸਥਾ ਸਮੇਂ ਬੀਜ ਤੋਂ ਥੱਲੇ ਜ਼ਮੀਨ ਵੱਲ ਹਿੱਸੇ ਉੱਪਰ ਅਤੇ ਬੀਜ ਤੋਂ ਉੱਪਰ ਜ਼ਮੀਨ ਦੇ ਬਾਹਰ ਵੱਲ ਹਿੱਸੇ ਉੱਪਰ ਕਾਲੇ ਭੂਰੇ ਧੱਬੇ ਪੈ ਜਾਂਦੇ ਹਨ। ਤਣੇ 'ਤੇ ਲੰਬੂਤਰੇ ਕਾਲੇ ਧੱਬੇ ਪੈ ਜਾਂਦੇ ਹਨ, ਪੱਤੇ ਝੜ ਜਾਂਦੇ ਹਨ ਤੇ ਪੌਦਾ ਮੁਰਝਾ ਜਾਂਦਾ ਹੈ।

### ਝੁਲਸ ਰੋਗ

ਇਹ ਵੀ ਉੱਲੀ ਰੋਗ ਹੈ; ਇਹ ਉੱਲੀ ਮਿੱਟੀ ਵਿਚ ਹੁੰਦੀ ਹੈ। ਇਹ ਬੂਟੇ ਦੇ ਜ਼ਮੀਨ ਤੋਂ ਉੱਪਰ ਵਾਲੇ ਹਿੱਸਿਆਂ 'ਤੇ ਹਮਲਾ ਕਰਦੀ ਹੈ ਜਿਵੇਂ ਪੱਤਿਆਂ, ਟਾਹਣੀਆਂ, ਤਣਾ ਤੇ ਫਲੀਆਂ ਪਰ ਇਸ ਦਾ ਸਭ ਤੋਂ ਵਿਨਾਸ਼ਕਾਰੀ ਰੂਪ ਬਿਜਾਈ ਤੋਂ ਦੂਜੇ ਤੋਂ ਤੀਜੇ ਹਫਤੇ ਪੱਤਿਆਂ ਉੱਪਰ ਦਿਖਾਈ ਦਿੰਦਾ ਹੈ। ਜ਼ਿਆਦਾ ਨਮੀਂ ਵਾਲੇ ਦਿਨਾਂ ਵਿਚ ਇਹ ਰੋਗ ਬਹੁਤ ਤੇਜ਼ੀ ਨਾਲ ਫੈਲਦਾ ਹੈ ਇਸ ਬਿਮਾਰੀ ਦੇ ਸ਼ੁਰੂਆਤੀ ਹਮਲੇ ਨੂੰ ਰੋਕਣ ਲਈ ਖੇਤ ਨੂੰ ਨਦੀਨ ਰਹਿਤ ਰੱਖਣਾ ਚਾਹੀਦਾ ਹੈ।





# ਡੇਅਰੀ ਫਾਰਮਿੰਗ ਦੇ ਮਾਪਦੰਡ ਹੇਹੇ ਤੋਂ ਸੂਣ ਤੱਕ

**ਲਾਭਦਾਇਕ ਡੇਅਰੀ ਫਾਰਮਿੰਗ ਲਈ ਬਹੁਤ ਜ਼ਰੂਰੀ ਹੈ ਕਿ ਪਸ਼ੂਆਂ ਦੇ ਪ੍ਰਜਨਣ ਅੰਗ ਪੂਰੀ ਤਰ੍ਹਾਂ ਤੰਦਰੁਸਤ ਹੋਣ। ਡੇਅਰੀ ਫਾਰਮਿੰਗ ਦੇ ਕਿੱਤੇ ਨੂੰ ਵਾਧੇ ਵੱਲ ਨੂੰ ਤੋਰੀ ਰੱਖਣ ਲਈ ਲਾਜ਼ਮੀ ਹੈ ਕਿ ਗਾਂ 1 ਸਾਲ ਬਾਅਦ ਅਤੇ ਮੱਝ 13-14 ਮਹੀਨਿਆਂ ਬਾਅਦ ਦੁਬਾਰਾ ਸੂ ਪਵੇ। ਇਹ ਤਾਂ ਹੀ ਹੋ ਸਕਦਾ ਹੈ ਜੇ ਪਸ਼ੂ ਛੇਤੀ ਤੋਂ ਛੇਤੀ ਹੇਹੇ ਵਿੱਚ ਆ ਕੇ ਆਸ ਹੋ ਜਾਣ ਅਤੇ ਪਸ਼ੂ ਨੂੰ ਸੂਣ ਮੌਕੇ ਕੋਈ ਮੁਸ਼ਕਲ ਨਾ ਆਵੇ। ਸੂਣ ਉਪਰੰਤ ਪਸ਼ੂ ਛੇਤੀ ਹੇਹੇ ਵਿੱਚ ਆਵੇ ਅਤੇ 60-90 ਦਿਨਾਂ ਵਿੱਚ ਦੁਬਾਰਾ ਆਸ ਹੋ ਜਾਵੇ। ਜਿਵੇਂ ਜਿਵੇਂ ਦੁਬਾਰਾ ਆਸ ਹੋਣ ਦੇ ਦਿਨਾਂ ਵਿੱਚ ਵਾਧਾ ਹੁੰਦਾ ਜਾਵੇਗਾ, ਪਸ਼ੂ ਪਾਲਕਾਂ ਦੇ ਨੁਕਸਾਨ ਵਿੱਚ ਵੀ ਵਾਧਾ ਹੁੰਦਾ ਜਾਵੇਗਾ। ਸੋ ਡੇਅਰੀ ਪਸ਼ੂਆਂ ਦੀ ਸੁਚੱਜੀ ਪ੍ਰਜਨਣ ਸੰਭਾਲ ਬਹੁਤ ਹੀ ਜ਼ਰੂਰੀ ਹੈ।**

**ਰਵਦੀਪ ਸਿੰਘ ਅਤੇ ਖੁਸ਼ਪ੍ਰੀਤ ਸਿੰਘ,**
**ਪਸ਼ੂ ਪਾਲਣ ਅਤੇ ਚਿਕਿਤਸਾ ਪਸਾਰ ਸਿੱਖਿਆ ਵਿਭਾਗ ਗਡਵਾਸੂ**

## ਹੇਹੇ ਦੀਆਂ ਨਿਸ਼ਾਨੀਆਂ

ਗਾਂਵਾਂ/ਮੱਝਾਂ ਦਾ ਹੇਹਾ ਚੱਕਰ ਹਰ 21-22 ਦਿਨਾਂ ਬਾਅਦ ਆਉਂਦਾ ਹੈ। ਹੇਹੇ ਦੀਆਂ ਇਹ ਨਿਸ਼ਾਨੀ ਬਹੁਤ ਹੀ ਮਹੱਤਵਪੂਰਨ ਹੈ।

★ ਪਸ਼ੂ ਦਾ ਦੂਜੇ ਪਸ਼ੂਆਂ ਉੱਤੇ ਚੜ੍ਹਨਾ ਜਾਂ ਫਿਰ ਦੂਜੇ ਪਸ਼ੂਆਂ ਦਾ ਹੇਹੇ ਵਿੱਚ ਆਏ ਪਸ਼ੂ ਉੱਤੇ ਚੜ੍ਹਨਾ।

★ ਦੂਜੇ ਪਸ਼ੂਆਂ ਦੇ ਪਿੱਛੇ ਖੜ੍ਹਕੇ ਸੂਅ ਨੂੰ ਸੁੰਘਣਾ।

★ ਸੂਅ ਥੋੜੀ ਜਿਹੀ ਸੁੱਜੀ ਰਹਿੰਦੀ ਹੈ ਅਤੇ ਸੂਅ ਦੀ ਅੰਦਰਲੀ ਝਿੱਲੀ ਦਾ ਲਾਲ ਹੋਣਾ।

★ ਸੂਅ ਵਿੱਚੋਂ ਸਾਫ, ਸ਼ੀਸ਼ੇ ਦੀ ਤਰ੍ਹਾਂ ਚਮਕਦਾਰ ਤਾਰਾਂ ਦਾ ਆਉਣਾ।

★ ਵਾਰ ਵਾਰ ਪਿਸ਼ਾਬ ਕਰਨਾ।

★ ਗਾਂ ਜਾਂ ਮੱਝ-ਬਗੈਰ ਕਿਸੇ ਕਾਰਨ ਅੜਿੰਗਦੇ ਰਹਿਣਾ।

★ ਪਸ਼ੂ ਦਾ ਵਾਰ ਵਾਰ ਉੱਠਣਾ ਬੈਠਣਾ ਅਤੇ ਜ਼ਿਆਦਾ ਤੁਰਨਾ।

★ ਹੇਹੇ 'ਚ ਆਉਣ ਤੋਂ ਪਹਿਲਾਂ ਦੁੱਧ ਦਾ ਘਟਣਾ (ਡੋਕਾ)।

★ ਪੱਠੇ ਘੱਟ ਖਾਣੇ।

★ ਪ੍ਰਜਨਣ ਸਬੰਧੀ ਰਿਕਾਰਡ ਤੋਂ ਹੇਹਾ ਲੱਭਣਾ।

★ ਜ਼ਿਆਦਾਤਰ ਹਰ ਪਸ਼ੂ ਚੜ੍ਹਦੀ ਸਵੇਰ ਅਤੇ ਸ਼ਾਮ ਨੂੰ ਹੇਹੇ ਦੀਆਂ ਨਿਸ਼ਾਨੀਆਂ ਦਰਸਾਉਂਦੇ ਹਨ। ਜਦੋਂ ਪਸ਼ੂ ਦਾ ਸਹੀ ਸਮੇਂ ਸਿਰ ਹੇਹੇ ਦਾ ਪ੍ਰੀਖਣ ਹੋ ਜਾਵੇ ਤਾਂ ਕਿਸੇ ਤਜ਼ਰਬੇਕਾਰ ਡਾਕਟਰ ਕੋਲੋਂ ਮਸਨੂਈ ਗਰਭਦਾਨ ਵਾਲਾ ਟੀਕਾ ਭਰਾਇਆ ਜਾਵੇ।

## ਦੋਗਲੀਆਂ ਗਾਂਵਾਂ ਦਾ ਹੇਹੇ ਦੌਰਾਨ ਖੂਨ ਸੁੱਟਣਾ

ਇਹ ਆਮ ਦੇਖਣ ਵਿੱਚ ਆਇਆ ਹੈ ਕਿ ਦੋਗਲੀ ਨਸਲ ਨੂੰ ਹੇਹੇ ਦੇ ਅਖੀਰ ਵਿੱਚ ਤਾਰਾਂ ਦੇ ਨਾਲ ਨਾਲ ਖੂਨ ਵੀ ਆਉਂਦਾ ਹੈ। ਇਹ ਖੂਨ ਹੇਹਾ ਖਤਮ ਹੋਣ ਤੇ ਜਾਂ ਮਸਨੂਈ ਗਰਭਦਾਨ ਦਾ ਟੀਕਾ ਲਗਵਾਉਣ ਤੋਂ ਬਾਅਦ ਜਾਂ ਸਾਨ੍ਹ ਤੋਂ ਨਵੇਂ ਦੁੱਧ ਕਰਵਾਉਣ ਤੋਂ ਬਾਅਦ ਪੈਂਦਾ ਹੈ। ਅਸਲੀਅਤ ਵਿੱਚ ਇਹ ਨਾ ਹੀ ਕੋਈ ਬੱਚੇਦਾਨੀ ਦਾ ਜ਼ਖਮ ਹੁੰਦਾ ਹੈ, ਇਹ ਖੂਨ ਦਾ ਪੈਣਾ, ਇੱਕ ਰਸਾਇਣ (Estrogen) ਦੀ ਮਾਤਰਾ ਘਟਣ ਕਰਕੇ ਹੁੰਦਾ ਹੈ। ਇਹ ਅੰਡੇ ਦੇ ਆਉਣ ਦਾ ਇੱਕ ਸੰਕੇਤ ਹੈ। ਜਿਸ ਨਾਲ ਇਹ ਨਿਰਧਾਰਤ ਹੋ ਜਾਂਦਾ ਹੈ ਕਿ ਅੰਡੇ ਆਉਣ ਦੀ ਪ੍ਰਕਿਰਿਆ ਵਿੱਚ ਕੋਈ ਨੁਕਸ ਨਹੀਂ ਹੈ। ਇਹ ਹੇਹਾ ਖਤਮ ਹੋਣ ਤੇ 1-3 ਦਿਨਾਂ ਪਿੱਛੋਂ ਪੈਂਦਾ ਹੈ। ਸੂਅ ਵਿੱਚੋਂ ਬਾਹਰ ਨਿਕਲੇ ਖੂਨ ਦੀ ਮਾਤਰਾ ਕੁਝ ਬੂੰਦਾਂ ਤੋਂ ਲੈ ਕੇ ਕੁਝ ਮਿਲੀਲਿਟਰ ਤੱਕ ਹੋ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਹਰ ਬਾਈਏ ਵਿੱਚ ਖੂਨ ਜ਼ਰੂਰ ਆਵੇ। ਇਸ ਖੂਨ ਦਾ ਗਰਭ ਠਹਿਰਨ ਨਾਲ ਕੋਈ ਸਬੰਧ ਨਹੀਂ ਅਤੇ ਇਹ ਖੂਨ ਤੋਂ ਬਾਅਦ ਵੀ ਪਸ਼ੂ ਵਿੱਚ ਗਰਭ ਠਹਿਰ ਸਕਦਾ ਹੈ।

## ਹੇਹਾ ਪ੍ਰੀਖਣ ਕਰਨ ਦੀ ਦਰ ਅਤੇ ਥਾਂ

60% ਪਸ਼ੂਆਂ ਵਿੱਚ ਹੇਹਾ ਰਾਤ ਵੇਲੇ ਜਾਂ ਸਵੇਰੇ ਤੜਕੇ ਹੀ ਸ਼ੁਰੂ ਹੁੰਦਾ ਹੈ ਅਤੇ 70% ਪਸ਼ੂਆਂ ਵਿੱਚ ਦੂਸਰੇ ਪਸ਼ੂਆਂ ਤੇ ਚੜ੍ਹਨ ਜਾਂ ਚੜ੍ਹਾਉਣ ਦੀ ਪ੍ਰਕਿਰਿਆ ਰਾਤ ਨੂੰ ਹੀ ਹੁੰਦੀ ਹੈ। ਇਸ ਕਰਕੇ ਹੇਹਾ ਪ੍ਰੀਖਣ ਦਿਨ ਵਿੱਚ ਘੱਟ ਤੋਂ ਘੱਟ ਦੋ ਵਾਰ ਕਰਨਾ ਚਾਹੀਦਾ ਹੈ, ਇੱਕ ਵਾਰ ਸਵੇਰੇ ਤੜਕੇ ਅਤੇ ਦੂਜੀ ਵਾਰ ਸ਼ਾਮ ਵੇਲੇ। ਹਰੇਕ ਹੇਹਾ ਪ੍ਰੀਖਣ ਘੱਟ ਤੋਂ ਘੱਟ 20 ਤੋਂ 30 ਮਿੰਟਾਂ ਤੱਕ ਹੋਣਾ ਚਾਹੀਦਾ ਹੈ, ਕਿਉਕਿ ਗਾਂਵਾਂ ਵਿੱਚ ਇੱਕ ਦੂਜੇ ਉੱਪਰ ਚੜ੍ਹਨ ਚੜ੍ਹਾਉਣ ਦਾ ਕੰਮ ਔਸਤਨ ਹਰ 15 ਤੋਂ 20 ਮਿੰਟ ਬਾਅਦ ਹੁੰਦਾ ਹੈ। ਤਿਲਕਣ ਅਤੇ ਚਿੱਕੜ ਵਾਲਾ ਫਰਸ਼ ਪਸ਼ੂ ਦੇ ਚੜ੍ਹਨ ਅਤੇ ਚੜ੍ਹਾਉਣ ਦੀ ਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਪਸ਼ੂ ਦੇ ਡਿੱਗਣ ਨਾਲ ਸੱਟ ਲੱਗ ਸਕਦੀ ਹੈ। ਸੋ ਹੇਹਾ ਪ੍ਰੀਖਣ ਵੇਲੇ ਪਸ਼ੂ ਅਜਿਹੀ ਥਾਂ ਤੇ ਹੋਵੇ ਜਿੱਥੇ ਹੇਹਾ ਦਰਸਾਉਣ ਵਿੱਚ ਕੋਈ ਔਕੜ ਨਾ ਆਵੇ।

## ਮਸਨੂਈ ਗਰਭਦਾਨ

ਮਸਨੂਈ ਗਰਭਦਾਨ ਦਾ ਟੀਕਾ ਹੇਹੇ ਦੌਰਾਨ ਇਕ ਖਾਸ ਸਮੇਂ ਉੱਤੇ ਹੀ ਲਗਾਇਆ ਜਾਂਦਾ ਹੈ। ਜਦੋਂ ਇਹ ਸਮਾਂ ਖੁੰਝ ਜਾਵੇ ਜਾਂ ਟੀਕਾ ਸਮੇਂ ਤੋਂ ਪਹਿਲਾਂ ਲੱਗ ਜਾਵੇ ਤਾਂ ਪਸ਼ੂ 'ਚ ਗੱਭਣ ਰਹਿਣ ਦੀ ਦਰ ਕਾਫੀ ਘੱਟ ਜਾਂਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਪਸ਼ੂ 'ਚ ਹੇਹੇ ਦਾ ਲੱਭਣਾ।

**ਟੀਕਾ ਲਗਵਾਉਣ ਦਾ ਢੁੱਕਵਾਂ ਸਮਾਂ** : ਦਿਨ ਵਿੱਚ ਹੇਹੇ ਪ੍ਰੀਖਣ ਕਰਨ ਦਾ ਸਹੀ ਸਮਾਂ ਪਤਾ ਹੋਣਾ ਬਹੁਤ ਜ਼ਰੂਰੀ ਹੈ। ਕਿਉਕਿ ਔਸਤਨ ਹੇਹੇ ਦਾ ਸਮਾਂ ਕਈ ਪਸ਼ੂਆਂ ਵਿੱਚ 8 ਘੰਟੇ ਹੀ ਹੁੰਦਾ ਹੈ। ਹੇਹੇ ਵਿੱਚ ਆਏ ਪਸ਼ੂਆਂ ਦੀ ਅੰਡੇਦਾਨੀ ਵਿੱਚੋਂ ਅੰਡੇ ਦੇ ਨਿਕਲਣ ਦੇ ਸਮੇਂ ਦਾ ਪਤਾ ਵੀ ਹੋਣਾ ਜ਼ਰੂਰੀ ਹੈ। ਇਹ ਦੇਖਿਆ ਗਿਆ ਹੈ ਕਿ ਹੇਹੇ ਵਾਲੇ ਪਸ਼ੂ ਵੀ ਦੂਸਰਿਆਂ ਦੇ ਚੜ੍ਹਨ ਉਪਰੰਤ ਖੜ੍ਹੇ ਰਹਿਣ ਵਾਲੀ ਨਿਸ਼ਾਨੀ ਇਕ ਬਹੁਤ ਵਧੀਆ ਨਿਸ਼ਾਨੀ ਹੈ ਜਿਸ ਦੇ ਸ਼ੁਰੂ ਹੋਣ ਤੋਂ 24-35 ਘੰਟਿਆਂ ਬਾਅਦ ਅੰਡੇਦਾਨੀ ਵਿੱਚੋਂ ਅੰਡਾ ਨਿਕਲਦਾ ਹੈ। ਅੰਡੇਦਾਨੀ ਵਿੱਚੋਂ ਅੰਡਾ ਨਿਕਲਣ ਤੋਂ ਬਾਅਦ ਅੰਡੇ ਦੀ ਜ਼ਿੰਦਗੀ 8-10 ਘੰਟੇ ਹੁੰਦੀ ਹੈ, ਜਦੋਂ ਕਿ ਅੰਡਾ ਟਿਊਬ ਵਿੱਚੋਂ ਗੁਜ਼ਰਦਾ ਹੈ। ਮਸਨੂਈ ਗਰਭਦਾਨ ਤੋਂ ਬਾਅਦ ਸ਼ੁਕਰਾਣੂਆਂ ਦੀ ਜ਼ਿੰਦਗੀ ਬੱਚੇਦਾਨੀ ਵਿੱਚ 18-24 ਘੰਟੇ ਹੁੰਦੀ ਹੈ। ਜਿਸ ਵਿੱਚ ਸ਼ੁਰੂ ਵਾਲੇ 6-8 ਘੰਟੇ ਦੌਰਾਨ ਸ਼ੁਕਰਾਣੂ ਅੰਡੇ ਨਾਲ ਮਿਲਣ ਦੀ ਤਿਆਰੀ ਕਰਦੇ ਹਨ ਅਤੇ ਫਿਰ ਸ਼ੁਕਰਾਣੂ ਬੱਚੇਦਾਨੀ ਤੋਂ ਚੱਲ ਕੇ ਟਿਊਬ ਵਿੱਚ ਪਹੁੰਚਦੇ ਹਨ। ਅੰਡੇ ਅਤੇ ਸ਼ੁਕਰਾਣੂ ਦੇ ਸਹੀ ਮਿਲਾਪ ਅਤੇ ਪਸ਼ੂ ਦੇ ਗਰਭ ਠਹਿਰਣ ਦੀ ਸੰਭਾਵਨਾ, ਉਸ ਵੇਲੇ ਜ਼ਿਆਦਾ ਹੁੰਦੀ ਹੈ, ਜਦੋਂ ਹੇਹੇ 'ਚ ਆਇਆ ਪਸ਼ੂ ਦੂਸਰੇ ਪਸ਼ੂ ਨੂੰ ਆਪਣੇ ਉੱਪਰ ਚੜ੍ਹਨ ਦੇਣ ਵਾਲੀ ਨਿਸ਼ਾਨੀ ਦਿਖਾਵੇ ਅਤੇ ਇਸ ਨਿਸ਼ਾਨੀ ਤੋਂ ਲੈ ਕੇ ਹੇਹਾ ਖਤਮ ਹੋਣ ਤੋਂ 6 ਘੰਟੇ ਦੇ ਅੰਦਰ ਅੰਦਰ ਹੀ ਮਸਨੂਈ ਗਰਭਦਾਨ ਕੀਤਾ ਜਾਵੇ। ਇਹਨ੍ਹਾਂ ਪਸ਼ੂਆਂ ਵਿੱਚ ਸਵੇਰੇ ਸ਼ਾਮ ਜਾਂ ਸ਼ਾਮ ਸਵੇਰੇ ਦੀ (AM-PM Rule) ਮਸਨੂਈ ਗਰਭਦਾਨ ਦੀ ਵਿਧੀ ਲਾਗੂ ਕੀਤੀ ਜਾ ਸਕਦੀ ਹੈ।

**ਮਸਨੂਈ ਗਰਭਦਾਨ ਦੇ ਮੁੱਖ ਫਾਇਦੇ** :

★ ਮਾਲੀ ਤੋਂ ਇਕ ਵਾਰ ਪ੍ਰਾਪਤ ਵੀਰਜ ਵਿੱਚੋਂ 100-150 ਮਸਨੂਈ ਟੀਕੇ ਬਣਦੇ ਹਨ।

★ ਚੰਗੀ ਕਿਸਮ ਦੇ ਮਾਲੀ ਦਾ ਪੂਰਾ ਫਾਇਦਾ ਉਠਾਇਆ ਜਾ ਸਕਦਾ ਹੈ।

★ ਮਾਲੀ ਨੂੰ ਪਾਲਣ ਅਤੇ ਦੇਖਭਾਲ ਦੀ ਮਿਹਨਤ ਦਾ ਖਰਚਾ ਬਚਦਾ ਹੈ।

★ ਇਸ ਪ੍ਰਕਿਰਿਆ ਦੁਆਰਾ ਵੀਰਜ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਲੈ ਕੇ ਜਾਣਾ ਸੌਖਾ ਹੈ।

★ ਇਸ ਵਿਧੀ ਨਾਲ ਇਨਬਰੀਡਿੰਗ (ਪਸ਼ੂਆਂ ਦੇ ਨੇੜਲੇ ਰਿਸ਼ਤੇ ਨਾਲ ਮਿਲਾਪ) ਨੂੰ ਰੋਕਿਆ ਜਾ ਸਕਦਾ ਹੈ।

★ ਮਸਨੂਈ ਗਰਭਦਾਨ ਨਾਲ ਪ੍ਰਜਣਨ ਬਿਮਾਰੀਆਂ (ਬਰੂਸੀਲੇਸਿਸ, ਵਿਬਰਿਓਮਿਸ, ਆਈ. ਬੀ. ਆਰ. ਟ੍ਰਾਈਕੋਮੇਲੀਏਸਿਸ) ਨੂੰ ਰੋਕਿਆ ਜਾ ਸਕਦਾ ਹੈ।

★ ਇਸ ਵਿਧੀ ਨਾਲ ਨਸਲ ਸੁਧਾਰ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਸਕਦਾ ਹੈ।

**ਆਸ ਕਰਵਾਉਣ ਤੋਂ ਗੱਭਣ ਪਸ਼ੂ ਦੀ ਸਾਂਭ-ਸੰਭਾਲ ਦੇ ਖਾਸ ਨੁਕਤੇ** :

★ ਆਸ ਕਰਵਾਉਣ ਦੀ ਮਿਤੀ ਲਿਖਣਾ।

★ ਅਗਲੇ ਦੋ ਬਾਹੀਏ ਲਵੇਰੀ ਨੂੰ ਹੇਹੇ ਦੀਆਂ ਨਿਸ਼ਾਨੀਆਂ ਲਈ ਗਹੁ ਨਾਲ ਤੱਕਣਾ।


★ 90 ਦਿਨਾਂ ਉੱਪਰ ਗਰਭ ਚੈੱਕ ਕਰਵਾਉਣਾ।

★ ਸੂਣ ਦੀ ਅੰਦਾਜ਼ਨ ਮਿਤੀ ਤੋਂ ਦੋ ਮਹੀਨੇ ਪਹਿਲਾਂ ਦੁੱਧੋਂ ਭਜਾਉਣਾ।

★ ਦੁੱਧੋਂ ਭਜਾਉਣ ਸਮੇਂ ਲੋੜ ਮੁਤਾਬਕ ਵੰਡ ਪਾਉਣਾ।

★ ਸੂਣ ਤੋਂ ਦੋ ਹਫਤੇ ਪਹਿਲਾਂ ਕੈਲਸ਼ੀਅਮ ਬੰਦ ਕਰਨਾ।

## ਸੂਣ ਵਾਲੇ ਪਸ਼ੂ ਦਾ ਧਿਆਨ ਰੱਖਣਾ



★ ਪਸ਼ੂਆਂ ਵਿੱਚ ਸੂਣ ਦਾ ਸਮਾਂ ਬਹੁਤ ਹੀ ਨਾਜ਼ੁਕ ਹੁੰਦਾ ਹੈ।

★ ਸੂਅ ਰਹੇ ਪਸ਼ੂ ਨੂੰ 15 ਦਿਨ ਪਹਿਲਾਂ ਕਿਸੇ ਅਲੱਗ, ਸਾਫ-ਸੁਥਰੀ ਅਤੇ ਨਰਮ ਜਗ੍ਹਾ ਤੇ ਰੱਖਣਾ ਚਾਹੀਦਾ ਹੈ। ਇਸ ਲਈ ਫਰਸ਼ ਉੱਤੇ ਪਰਾਲੀ ਦੀ ਤਹਿ ਵਿਛਾ ਦੇਣੀ ਚਾਹੀਦੀ ਹੈ।

★ ਸੂਣ ਤੋਂ ਪਹਿਲਾਂ ਚੱਢੇ ਦਾ ਸਾਇਜ਼ ਵੱਧ ਜਾਂਦਾ ਹੈ, ਜਿਸ ਕਰਕੇ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਸੱਟ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ।

★ ਸੂਣ ਦੇ ਦੌਰਾਨ ਪਸ਼ੂ ਨੂੰ ਆਪਣੀ ਨਿਗਰਾਨੀ ਹੇਠ ਰੱਖਣਾ ਚਾਹੀਦਾ ਹੈ ਤਾਂ ਕਿ ਜੇ ਕਿਸੇ ਮੁੱਢਲੀ ਸਹਾਇਤਾ ਦੀ ਲੋੜ ਹੋਵੇ ਤਾਂ ਉਸ ਨੂੰ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ।

★ ਸੂਣ ਦੀ ਪ੍ਰਕਿਰਿਆ ਨੂੰ ਆਪਣੇ ਆਪ ਕੁਦਰਤੀ ਤਰੀਕੇ ਨਾਲ ਹੋਣ ਦਿਓ।

★ ਪਰ ਜੇਕਰ ਸੂਣ ਦੀ ਪ੍ਰਕਿਰਿਆ ਦੌਰਾਨ ਵਿੱਚ ਕੋਈ ਮੁਸ਼ਕਿਲ ਆਵੇ ਤਾਂ ਤੁਰੰਤ ਕਿਸੇ ਵੈਟਨਰੀ ਡਾਕਟਰ ਨੂੰ ਸਹਾਇਤਾ ਲਈ ਬੁਲਾਇਆ ਜਾਵੇ। ਸੂਣ ਤੋਂ ਬਾਅਦ ਗਾਂ/ਮੱਝ ਨੂੰ ਸਾਫ-ਸੁਥਰਾ ਤਾਜ਼ਾ ਗਰਮ ਪਾਣੀ ਗਰਮੀਆਂ ਵਿੱਚ ਅਤੇ ਕੋਸਾ ਪਾਣੀ ਸਰਦੀਆਂ ਵਿੱਚ ਦੇਣਾ ਚਾਹੀਦਾ ਹੈ।

★ ਜੇ ਜੇਰ ਅੜ ਜਾਵੇ ਤਾਂ 8-12 ਘੰਟੇ ਬਾਅਦ ਵੀ ਨਾ ਪਵੇ ਤਾਂ ਵੈਟਰਨਰੀ ਡਾਕਟਰ ਨੂੰ ਬੁਲਾਇਆ ਜਾਵੇ।

★ ਜ਼ਿਆਦਾ ਦੁੱਧ ਦੇਣ ਵਾਲੇ ਪਸ਼ੂ ਦਾ ਵਿਸ਼ੇਸ਼ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਉਸ ਵਿੱਚ ਕੈਲਸ਼ੀਅਮ ਦੀ ਘਾਟ ਨਾ ਹੋ ਜਾਵੇ। ਅਜਿਹਾ ਹੋਣ ਦੀ ਸੂਰਤ ਵਿੱਚ ਪਸ਼ੂ ਬੈਠ ਜਾਂਦਾ ਹੈ ਅਤੇ ਇਲਾਜ ਲਈ ਵੈਟਰਨਰੀ ਡਾਕਟਰ ਨੂੰ ਬੁਲਾਇਆ ਜਾਵੇ।

# ਮਾਰਚ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਜਸਪਾਲ ਸਿੰਘ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।

**ਕਣਕ** : ਸਮੇਂ ਸਿਰ ਬੀਜੀ ਕਣਕ ਨੂੰ ਅਖੀਰ ਮਾਰਚ ਦੇ ਆਸ-ਪਾਸ ਅਖੀਰਲਾ ਪਾਣੀ ਦੇ ਦਿਓ । ਪਿਛੇਤੀ ਬੀਜੀ ਕਣਕ ਨੂੰ 10 ਅਪ੍ਰੈਲ ਤੱਕ ਆਖਰੀ ਪਾਣੀ ਲਗਾਓ । ਹੁਣ ਤੱਕ ਪੱਤਿਆਂ ਦੀ ਕਾਂਗਿਆਰੀ ਤੋਂ ਪ੍ਰਭਾਵਿਤ ਬੂਟੇ ਚੰਗੀ ਤਰ੍ਹਾਂ ਦਿਖਾਈ ਦੇਣ ਲੱਗ ਪਏ ਹੋਣਗੇ । ਅਜਿਹੇ ਬੂਟਿਆਂ ਨੂੰ ਖੇਤ ਵਿੱਚੋਂ ਪੁੱਟ ਦਿਉ ਅਤੇ ਨਸ਼ਟ ਕਰ ਦਿਓ ਤਾਂ ਜੋ ਬਿਮਾਰੀ ਨੂੰ ਅਗਲੇ ਸਾਲ ਲਈ ਘਟਾਇਆ ਜਾ ਸਕੇ । ਬੀਜ ਵਾਸਤੇ ਰੱਖੀ ਫਸਲ ਵਿੱਚੋਂ ਕਾਂਗਿਆਰੀ ਦੇ ਸਿੱਟੇ ਕੱਢ ਦਿਓ । ਜਦੋਂ ਚੇਪੇ ਦਾ ਹਮਲਾ 5 ਚੇਪੇ ਪ੍ਰਤੀ ਸਿੱਟਾ ਤੱਕ ਪਹੁੰਚ ਜਾਵੇ ਤਾਂ ਇਨ੍ਹਾਂ ਦੀ ਰੋਕਥਾਮ



ਲਈ 2 ਲਿਟਰ ਘਰ ਬਣਾਏ ਨਿੰਮ ਦੇ ਘੋਲ ਦਾ ਹਫਤੇ-ਹਫਤੇ ਦੇ ਵਕਫੇ ਤੇ ਦੋ ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਤਾਕਤ (ਥਾਇਆਮੈਥੋਕਸਮ) ਦਾ ਇਕ ਛਿੜਕਾਅ 80-100 ਲਿਟਰ ਪਾਣੀ ਵਿੱਚ ਘੋਲ ਕੇ ਕਰੋ । ਜੇਕਰ ਕਣਕ ਦੀਆਂ ਬੱਲੀਆਂ ਤੇ ਸੈਨਿਕ ਸੁੰਡੀ/ਛੋਲਿਆਂ ਦੇ ਡੱਡਿਆਂ ਦੀ ਸੁੰਡੀ ਦਾ ਨੁਕਸਾਨ ਨਜ਼ਰ ਆਵੇ ਤਾਂ ਇਹਨਾਂ ਕੀੜਿਆਂ ਦੀ ਰੋਕਥਾਮ ਲਈ 40 ਮਿਲੀਲਿਟਰ ਕੋਰਾਜਨ 18.5 ਤਾਕਤ ਜਾਂ 400 ਮਿਲੀਲਿਟਰ ਐਕਾਲਕਸ 25 ਤਾਕਤ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ ।

ਕਣਕ ਨੂੰ ਦਾਣੇ ਭਰਨ ਸਮੇਂ ਵੱਧ ਤਾਪਮਾਨ ਤੋਂ ਬਚਾਉਣ ਲਈ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) (4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿਚ) ਪਹਿਲਾ ਸਪਰੇਅ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰੋ ਜਾਂ 15 ਗਰਾਮ ਸੈਲੀਸਿਲਕ ਏਸਿਡ ਨੂੰ 450 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਸਿੱਟੇ ਵਿਚ ਦੁੱਧ ਪੈਣ ਸਮੇਂ ਕਰੋ ।

**ਗਰਮੀ ਰੁੱਤ ਦੀਆਂ ਦਾਲਾਂ** : ਸੱਠੀ ਮੂੰਗੀ ਦੀ ਕਿਸਮ ਐਸ. ਐਮ ਐਲ-1827, ਐਸ. ਐਮ ਐਲ-668, ਐਸ. ਐਮ ਐਲ-832 ਅਤੇ ਮਾਂਹ ਦੀ ਕਿਸਮ



ਮਾਂਹ-1137, ਮਾਂਹ-1008 ਦੀ ਬਿਜਾਈ ਅੱਧ ਮਾਰਚ ਤੋਂ ਸ਼ੁਰੂ ਕਰ ਦਿਓ । ਸੱਠੀ ਮੂੰਗੀ ਐਸ. ਐਮ ਐਲ-668 ਲਈ 15 ਕਿਲੋ ਅਤੇ ਐਸ. ਐਮ ਐਲ-1827, ਐਸ. ਐਮ ਐਲ-832 ਲਈ 12 ਕਿਲੋ ਅਤੇ ਮਾਂਹ ਲਈ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਵਰਤੋ । ਮੂੰਗੀ ਲਈ ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਅਤੇ ਮਾਂਹ ਲਈ 11 ਕਿਲੋ ਯੂਰੀਆ ਅਤੇ 60 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਵਰਤੋ । ਜੇਕਰ ਮੂੰਗੀ ਆਲੂਆਂ ਤੋਂ ਬਾਅਦ ਬੀਜਣੀ ਹੋਵੇ ਤਾਂ ਕਿਸੇ ਵੀ ਖਾਦ ਦੀ ਲੋੜ ਨਹੀਂ । ਸੱਠੀ ਮੂੰਗੀ ਦੇ ਬੀਜ ਨੂੰ ਮਿਸ਼ਰਤ ਜੀਵਾਣੂੰ ਖਾਦ ਅਤੇ ਮਾਂਹ ਦੇ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਲਗਾ ਕੇ ਬੀਜਣ ਨਾਲ ਝਾੜ ਵੱਧਦਾ ਹੈ ।

**ਤੇਲ ਬੀਜ** : ਰਾਇਆ ਦੀਆਂ ਫਲੀਆਂ ਨੂੰ ਚਿੱਟੀ ਕੁੰਗੀ ਅਤੇ ਝੁਲਸ ਰੋਗ ਤੋਂ ਬਚਾਉਣ ਲਈ, 0.25% ਰਿਡੋਮਿਲ ਗੋਲਡ (250 ਗ੍ਰਾਮ) ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕੋ । ਰਾਇਆ ਅਤੇ ਗੋਭੀ ਸਰ੍ਹੋਂ ਤੇ ਚੇਪੇ ਦੀ ਰੋਕਥਾਮ ਲਈ 40 ਗ੍ਰਾਮ ਐਕਟਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 80 ਤੋਂ 125 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ । ਫਸਲ ਤੇ ਛਿੜਕਾਅ ਸ਼ਾਮ ਨੂੰ ਕਰੋ ਤਾਂ ਜੋ ਪਰ-ਪਰਾਗਣ ਕਰਨ ਵਾਲੇ ਕੀੜੇ ਅਤੇ ਸ਼ਹਿਦ ਦੀਆਂ ਮੱਖੀਆਂ ਨਾ ਮਰਨ । ਸੂਰਜਮੁਖੀ ਦੀ ਫਸਲ ਨੂੰ ਦੋ ਹਫਤੇ ਦੇ ਵਕਫੇ ਤੇ ਪਾਣੀ ਦਿਓ ।

**ਕਮਾਦ** : ਗੰਨੇ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਸੀ ਓ ਪੀ ਬੀ-95, ਸੀ ਓ ਪੀ ਬੀ-96, ਸੀ ਓ 15023, ਸੀ ਓ ਪੀ ਬੀ-92, ਸੀ ਓ-118, ਸੀ ਓ ਜੇ-85, ਸੀ ਓ ਜੇ-64 (ਅਗੇਤੀ ਪੱਕਣ ਵਾਲੀ), ਸੀ ਓ ਪੀ ਬੀ-98, ਸੀ ਓ ਪੀ ਬੀ-93, ਸੀ ਓ ਪੀ ਬੀ-94, ਸੀ ਓ-238, ਸੀ ਓ ਪੀ ਬੀ-91 ਅਤੇ ਸੀ ਓ ਜੇ-88, (ਦਰਮਿਆਨੀਆਂ-ਪਿਛੇਤੀ) ਪੱਕਣ ਵਾਲੀਆਂ ਕਿਸਮਾਂ ਦੀ ਬਿਜਾਈ ਇਸ ਮਹੀਨੇ ਦੇ ਅਖੀਰ ਤੱਕ ਪੂਰੀ ਕਰ ਲਵੋ । ਗੰਨੇ ਦੀ ਬਿਜਾਈ ਲਈ ਜੋ ਬੀਜ ਚੁਣਿਆ ਹੈ ਉਹ ਰੱਤਾ ਰੋਗ, ਸੋਕੜਾ, ਕਾਂਗਿਆਰੀ, ਮੁੱਢੇ ਕਮਾਦ ਦਾ ਮਧਰੇਪਣ ਦਾ ਰੋਗ ਅਤੇ ਘਾਹ ਵਰਗੀਆਂ ਸ਼ਾਖਾਂ ਦੇ ਰੋਗ ਤੋਂ ਮੁਕਤ ਹੋਣਾ ਚਾਹੀਦਾ ਹੈ । ਗੰਨੇ ਦੀ ਫਸਲ ਨੂੰ ਉੱਗਣ ਵੇਲੇ ਸਿਉਂਕ ਦੀ ਰੋਕਥਾਮ ਲਈ 200 ਮਿਲੀਲਿਟਰ ਕੋਰਾਜ਼ਨ 18.5 ਐਸ ਸੀ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਸਿਆੜਾਂ ਵਿੱਚ ਪਈਆਂ ਗੁੱਲੀਆਂ ਉੱਪਰ ਛਿੜਕੋ । ਕਮਾਦ ਦੇ ਚੰਗੇ ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ ਵਿੱਚ ਪੂਰੀ ਰਾਤ ਡੋਬਣ ਉਪਰੰਤ ਬਿਜਾਈ ਕਰੋ । ਇਹ ਘੋਲ ਬਨਾਉਣ ਲਈ 25 ਮਿਲੀਲਿਟਰ ਈਥਰਲ 39 ਐਸ ਐਲ ਨੂੰ 100 ਲਿਟਰ ਪਾਣੀ ਵਿਚ ਘੋਲੋ ਜਾਂ ਗੁੱਲੀਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਪਾਣੀ ਵਿਚ ਡੋਬ ਲਵੋ । ਗੰਨੇ ਦੀ ਫਸਲ ਨੂੰ ਉੱਗਣ ਵੇਲੇ ਅਗੇਤੀ ਫੋਟ ਦੇ ਗੜੂੰਏਂ ਦੇ ਹਮਲੇ ਤੋਂ ਬਚਾਉਣ ਲਈ ਖਾਲੀਆਂ ਵਿੱਚ ਪਈਆਂ ਪੋਰੀਆਂ ਉੱਪਰ 10 ਕਿਲੋ ਰੀਜੈਂਟ / ਮੋਰਟੈਲ / ਰਿਪਨ 0.3 ਜੀ (ਫਿਪਰੋਨਿਲ) ਮਿੱਟੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਵਰਤੋ । ਮੌਸਮੀ ਨਦੀਨਾਂ ਦੀ ਰੋਕਥਾਮ ਲਈ ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) ਜਾਂ ਸੈਨਕੋਰ 70 ਡਬਲਯੂ ਪੀ (ਮੈਟਰੀਬਿਊਜ਼ਿਨ) ਜਾਂ ਕਾਰਮੈਕਸ ਜਾਂ ਕਲਾਸ 80 ਘੁਲਣਸ਼ੀਲ (ਡਾਈਯੂਰਾਨ) 800 ਗ੍ਰਾਮ ਪ੍ਰਤੀ ਏਕੜ ਜਾਂ 1000 ਗ੍ਰਾਮ ਪ੍ਰਤੀ ਏਕੜ ਅਥਾਰਟੀ ਨੈਕਸਟ 58 ਡਬਲਯੂ ਪੀ (ਸਲਫੈਂਟਰਾਜ਼ੋਲ + ਕਲੋਮਾਜ਼ੋਨ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਕਮਾਦ ਦੀ ਫਸਲ ਬੀਜਣ ਤੋਂ 2-3 ਦਿਨ ਅੰਦਰ ਛਿੜਕੋ । ਡੀਲੇ ਦੀ ਰੋਕਥਾਮ ਲਈ ਖੜ੍ਹੀ ਫਸਲ ਵਿੱਚ 800 ਗ੍ਰਾਮ ਪ੍ਰਤੀ ਏਕੜ 2,4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਸਖਤ ਨਦੀਨ ਜਿਵੇਂ ਬਾਂਸ ਪੱਤੇ ਦੀ ਰੋਕਥਾਮ ਲਈ ਖੜ੍ਹੀ ਫਸਲ ਵਿਚ 800 ਗ੍ਰਾਮ ਪ੍ਰਤੀ ਏਕੜ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ ਜਾਂ ਕਲਾਸ 80 ਘੁਲਣਸ਼ੀਲ ਹੀ ਵਰਤੋਂ । ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਇਹਨਾਂ ਦੀ 3-5 ਪੱਤਿਆਂ ਦੀ ਅਵਸਥਾ ਤੇ ਪ੍ਰਤੀ ਏਕੜ 800 ਗ੍ਰਾਮ 2,4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਜਾਂ 400 ਮਿਲੀਲਿਟਰ 2,4-ਡੀ ਅਮਾਈਨ ਸਾਲਟ 58 ਐਸ ਐਲ ਦਾ ਛਿੜਕਾਅ ਕਰੋ । ਕਮਾਦ ਦੀ ਬਿਜਾਈ ਤੋਂ 15 ਦਿਨ ਪਹਿਲਾਂ 8 ਟਨ ਰੂੜੀ ਜਾਂ ਪ੍ਰੈਸ ਮੱਡ ਪ੍ਰਤੀ ਏਕੜ ਖੇਤ ਵਿਚ ਚੰਗੀ ਤਰ੍ਹਾਂ ਮਿਲਾ ਦਿਉ ਅਤੇ ਨਾਈਟਰੋਜਨ ਦੀ ਮਾਤਰਾ 60 ਕਿੱਲੋ ਦੀ ਥਾਂ 40 ਕਿਲੋ ਪ੍ਰਤੀ ਏਕੜ ਪਾਓ । ਪਰੰਤੂ ਹਲਕੀਆਂ ਜ਼ਮੀਨਾਂ ਵਿੱਚ ਜੇ ਸਿਫਾਰਸ਼ ਖਾਦਾਂ ਦੇ ਨਾਲ ਰੂੜੀ ਪਾਈ ਹੋਵੇ ਤਾਂ ਕਮਾਦ ਦਾ 10% ਵੱਧ ਝਾੜ ਲਿਆ ਜਾ ਸਕਦਾ ਹੈ । ਰੇਤਲੀਆਂ ਜ਼ਮੀਨਾਂ ਵਿੱਚ ਨਾਈਟਰੋਜਨ ਖਾਦ ਪਹਿਲੇ ਪਾਣੀ ਤੋਂ ਬਾਅਦ ਪਾਓ ।

ਕਮਾਦ ਦੀ ਬਿਜਾਈ ਤੋਂ ਬਾਅਦ 65 ਕਿਲੋ ਯੂਰੀਆ ਪ੍ਰਤੀ ਏਕੜ ਕਮਾਦ ਜੰਮਣ ਤੋਂ ਬਾਅਦ ਪਹਿਲੇ ਪਾਣੀ ਨਾਲ ਪਾਓ । ਫਾਸਫੋਰਸ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 75 ਕਿਲੋ ਸੁਪਰਫਾਸਫੇਟ ਬਿਜਾਈ ਵੇਲੇ ਪਾਓ । ਕਮਾਦ ਦਾ ਚੰਗਾ ਝਾੜ ਲੈਣ ਲਈ ਅਜ਼ੋਟੋਬੈਕਟਰ ਜਾਂ ਕੰਨਸੋਰਸ਼ੀਅਮ ਬਾਇਓਫਰਟੀਲਾਈਜ਼ਰ 4 ਕਿਲੋ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਸਮੇਂ ਪਾਓ । ਪੱਤਝੜ ਰੁੱਤ ਦੇ ਕਮਾਦ ਨੂੰ 65 ਕਿਲੋ ਯੂਰੀਆ ਮਾਰਚ ਦੇ ਅਖੀਰ ਵਿਚ ਪਾ ਦਿਓ । ਵਧੇਰੇ ਆਮਦਨ ਲੈਣ ਲਈ ਕਮਾਦ ਦੀਆਂ ਦੋ ਕਤਾਰਾਂ ਵਿਚ ਇਕ ਕਤਾਰ ਸੱਠੀ ਮੂੰਗੀ ਜਾਂ ਮਾਂਹ / ਪੁਦੀਨੇ ਦੀ ਬੀਜੀ ਜਾ ਸਕਦੀ ਹੈ । ਇਹ ਗੰਨੇ ਦੀ ਫਸਲ ਦਾ ਨੁਕਸਾਨ ਨਹੀਂ ਕਰੇਗੀ ।

**ਹਰੇ ਚਾਰੇ** : ਅਗੇਤੇ ਚਾਰੇ ਦੀ ਬਿਜਾਈ ਦਾ ਇਹ ਢੁੱਕਵਾਂ ਸਮਾਂ ਹੈ । ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕਵਾਲਿਟੀ ਦਾ ਹਰਾ ਚਾਰਾ ਦਿੰਦੇ ਹਨ । ਚਾਰੇ ਦੀ ਕਮੀਂ ਵਾਲੇ ਦਿਨਾਂ ਲਈ ਬਰਸੀਮ ਅਤੇ ਜਵੀ ਨੂੰ ਸੰਭਾਲ ਲਵੋ । ਬੀਜ ਲਈ ਰੱਖੇ ਬਰਸੀਮ ਦੇ ਖੇਤ ਵਿੱਚੋਂ ਕਾਸ਼ਨੀ ਨਦੀਨ ਪੁੱਟ ਦਿਉ । ਅਮਰੀਕਨ ਸੁੰਡੀ ਦੇ ਹਮਲੇ ਦਾ ਖਿਆਲ ਰੱਖੋ । ਲੋੜ ਪੈਣ ਤੇ ਇਸ ਸੁੰਡੀ ਦੀ ਰੋਕਥਾਮ ਨੇੜੇ ਬੀਜੇ ਟਮਾਟਰ, ਛੋਲੇ, ਪਿਛੇਤੀ ਕਣਕ, ਸੱਠੀ ਮੂੰਗੀ, ਸੱਠੇ ਮਾਂਹ ਅਤੇ ਸੂਰਜਮੁੱਖੀ ਦੀ ਫਸਲ ਤੇ ਕਰੋ ਤਾਂ ਜੋ ਇਹ ਬਰਸੀਮ ਉੱਪਰ ਹਮਲਾ ਨਾ ਕਰ ਸਕੇ ।

**ਸਬਜ਼ੀਆਂ ਦੀ ਕਾਸ਼ਤ**

**ਮਿਰਚਾਂ** : ਮਿਰਚਾਂ ਦੀ ਸੀ ਐਚ-52, ਸੀ ਐਚ-27(ਹਾਈਬ੍ਰਿਡ) ਅਤੇ



ਪੰਜਾਬ ਸੰਧੂਰੀ, ਪੰਜਾਬ ਤੇਜ, ਕਿਸਮਾਂ ਬੀਜੋ । ਖੇਤ ਤਿਆਰ ਕਰਨ ਤੋਂ ਪਹਿਲਾਂ 40 ਕਿਲੋ ਯੂਰੀਆ, 75 ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਨੂੰ ਪ੍ਰਤੀ ਏਕੜ ਪਾਓ ਅਤੇ ਵੱਟਾਂ ਬਣਾ ਦਿਉ । ਪਨੀਰੀ ਵੱਟਾਂ ਉੱਪਰ 75 ਸੈ.ਮੀ. ਅਤੇ ਬੂਟਿਆਂ ਵਿਚਕਾਰ 60 ਸੈ.ਮੀ. ਦੇ ਫਾਸਲੇ ਤੇ ਲਗਾ ਦਿਉ ਅਤੇ ਤੁਰੰਤ ਪਾਣੀ ਦਿਉ । ਫਿਰ 10-12 ਦਿਨਾਂ ਬਾਅਦ ਪਾਣੀ ਮਿੱਟੀ ਅਤੇ ਮੌਸਮ ਅਨੁਸਾਰ ਦਿੰਦੇ ਰਹੋ ।

**ਪਿਆਜ਼** : ਸਾਉਣੀ ਦੇ ਪਿਆਜ਼ ਦੀਆਂ ਗੰਠੀਆਂ ਤਿਆਰ ਕਰਨ ਲਈ ਮਾਰਚ ਦੇ ਦੂਜੇ ਪੰਦਰਵਾੜੇ ਵਿੱਚ ਐਗਰੀ ਫਾਊਂਡ ਡਾਰਕ ਰੈਡ ਦੀ ਨਰਸਰੀ ਵਿਚ ਬਿਜਾਈ ਕਰ ਦਿਉ । ਇਕ ਏਕੜ ਲਈ ਪੰਜ ਕਿਲੋ ਬੀਜ ਵਰਤੋ । ਇਹ ਬੀਜ ਅੱਠ ਮਰਲੇ ਵਿੱਚ ਬੈਡ ਬਣਾ ਕੇ ਬੀਜੋ ।

ਹਾੜ੍ਹੀ ਦੇ ਪਿਆਜ਼ ਦੀ ਫਸਲ ਤੇ ਥਰਿੱਪ ਕੀੜਾ ਭੂਕਾਂ ਵਿੱਚੋਂ ਰਸ ਚੂਸ ਕੇ ਚਿੱਟੇ ਧੱਬੇ ਪਾ ਦਿੰਦਾ ਹੈ । ਜਾਮਣੀ ਧੱਬੇ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ 300 ਗ੍ਰਾਮ ਕੈਵੀਅਟ ਜਾਂ 600 ਗ੍ਰਾਮ ਇੰਡੋਫਿਲ ਐਮ-45 ਅਤੇ 200 ਮਿ.ਲਿ ਟ੍ਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ ਪ੍ਰਤੀ ਏਕੜ ਨਾਲ ਛਿੜਕਾਅ ਕਰੋ ।

**ਭਿੰਡੀ** : ਵਧੀਆ ਝਾੜ ਲੈਣ ਲਈ



ਪੰਜਾਬ ਲਾਲਿਮਾ ਅਤੇ ਪੰਜਾਬ ਸੁਹਾਵਣੀ ਕਿਸਮ ਬੀਜੋ । 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਖੇਤ ਤਿਆਰ ਕਰਨ ਵੇਲੇ ਪਾਓ । 8-10 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਤ ਭਰ ਲਈ ਕੋਸੇ ਪਾਣੀ ਵਿੱਚ ਭਿਉਂ ਦਿਉ ਅਤੇ ਵੱਟਾਂ 45 ਸੈਂਟੀਮੀਟਰ ਦੇ ਫਾਸਲੇ ਤੇ ਪੂਰਬ ਤੋਂ ਪੱਛਮ ਦਿਸ਼ਾ ਵੱਲ ਬਣਾਉ ਅਤੇ ਬਿਜਾਈ ਦੱਖਣੀ ਪਾਸੇ ਵੱਲ 4-5 ਬੀਜ ਪ੍ਰਤੀ ਚੋਕੇ ਦੇ ਹਿਸਾਬ ਨਾਲ 15 ਸੈਂਟੀਮੀਟਰ ਫਾਸਲੇ ਤੇ ਦਬਾ ਦਿਉ । 10 ਤੋਂ 12 ਦਿਨਾਂ ਬਾਅਦ ਹਲਕਾ ਪਾਣੀ ਦਿਉ ।

**ਕੱਦੂ ਜਾਤੀ ਦੀਆਂ ਸਬਜ਼ੀਆਂ** : ਹਰ ਇਕ ਸਬਜ਼ੀ ਦੀ ਸਿਫਾਰਸ਼ਾਂ ਮੁਤਾਬਕ ਖਾਦ ਪਾਉ ਅਤੇ ਖਾਲੀਆਂ ਬਣਾਉ । ਇਕ ਏਕੜ ਖੇਤ ਲਈ ਡੇਢ ਤੋਂ ਦੋ ਕਿਲੋ ਬੀਜ ਵਰਤੋ । ਫਸਲ ਦੀ ਲੋੜ ਮੁਤਾਬਕ ਬੂਟਿਆਂ ਦਾ ਫਾਸਲਾ ਰੱਖੋ ਅਤੇ ਚੰਗੇ ਬੀਜ ਹਰ ਚੋਕੇ ਤੇ ਬੀਜੋ ।

**ਟਮਾਟਰ** : ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਨਾਈਟ੍ਰੋਜਨ ਦੀ ਦੂਸਰੀ ਖੁਰਾਕ ਪਾ ਦਿਓ । 10 ਤੋਂ 12 ਦਿਨਾਂ ਬਾਅਦ ਲਗਾਤਾਰ ਪਾਣੀ ਦਿੰਦੇ ਰਹੋ ਤਾਂ ਜੋ ਵਧੀਆ ਫੁੱਲ ਅਤੇ ਫਲ ਬਣਨ । ਇਸ ਮਹੀਨੇ ਦੇ ਸ਼ੁਰੂ ਵਿੱਚ ਪਿਛੇਤੇ ਝੁਲਸ ਰੋਗ ਦੀ ਬਿਮਾਰੀ ਟਮਾਟਰਾਂ ਦੀ ਫਸਲ ਤੇ ਆ ਸਕਦੀ ਹੈ । ਇਸਦੀ ਰੋਕਥਾਮ ਲਈ ਇੰਡੋਫਿਲ ਐਮ-45, 600 ਗ੍ਰਾਮ ਦਾ ਪ੍ਰਤੀ ਏਕੜ ਦੇ ਹਿਸਾਬ 7 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ । ਫਲ ਦੇ ਗੜੂੰਏਂ ਦੀ ਰੋਕਥਾਮ ਲਈ 60 ਮਿ.ਲਿ. ਕੋਰਾਜ਼ਨ 18.5 ਤਾਕਤ ਜਾਂ 30 ਮਿ.ਲੀ. ਫੇਮ 480 ਐਸ ਐਲ ਜਾਂ 200 ਮਿ.ਲਿ. ਇੰਡੋਕਸਾਕਾਰਬ 14.5 ਤਾਕਤ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ ।

**ਰਵਾਂਹ** : ਹਰੀਆਂ ਫਲੀਆਂ ਦੀ ਵਰਤੋਂ ਲਈ ਕਾਉਪੀਜ਼ 263 ਕਿਸਮ ਨੂੰ 45 ਸੈਂਟੀਮੀਟਰ ਦੀ ਦੂਰੀ ਤੇ ਕਤਾਰਾਂ

**ਬਾਕੀ ਸਫਾ 10 'ਤੇ**

# ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ

ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਦੇ ਮੌਕੇ 'ਤੇ
ਮੈਂ ਕੁੱਲ ਜਹਾਨ ਵਿਚ ਵਸਦੇ ਪੰਜਾਬੀਆਂ ਨੂੰ
ਮੁਬਾਰਕਬਾਦ ਦਿੰਦਾ ਹਾਂ।

ਮਾਂ-ਬੋਲੀ ਪੰਜਾਬੀ
ਸਮੂਹ ਪੰਜਾਬੀਆਂ ਨੂੰ
ਭਾਵੁਕ ਏਕਤਾ ਦੀ ਸੂਖ਼ਮ ਡੋਰ ਵਿਚ ਪਰੋਂਦੀ ਹੈ।

ਇਹ ਸਤਿਗੁਰਾਂ, ਸੂਫ਼ੀਆਂ ਤੇ ਕਿੱਸਾਕਾਰਾਂ ਦੀ ਬੋਲੀ ਹੈ।
ਇਸ ਦਾ ਸ਼ੁਮਾਰ ਦੁਨੀਆਂ ਦੀਆਂ ਦਸ ਵੱਡੀਆਂ ਬੋਲੀਆਂ ਵਿਚ ਹੁੰਦਾ ਹੈ।

ਮਸ਼ੀਨੀ ਬੁੱਧੀਮਾਨਤਾ ਨਾਲ
ਮਾਨਵਤਾ ਦੇ ਇਤਿਹਾਸ ਵਿਚ
ਇਕ ਅਦਭੁਤ ਸੰਸਾਰ ਦਾ ਦਰ ਖੁੱਲ੍ਹ ਰਿਹਾ ਹੈ।
ਜੋ ਬਹੁਤ ਸਾਰੀਆਂ ਸੰਭਾਵਨਾਵਾਂ ਦੇ ਨਾਲ ਨਾਲ
ਬਹੁਤ ਵੰਗਾਰਾਂ ਅਤੇ ਮਸਲੇ ਵੀ ਲੈ ਕੇ ਆ ਰਿਹਾ ਹੈ।



ਪੰਜਾਬੀ ਭਾਸ਼ਾ ਨੂੰ ਮਸ਼ੀਨੀ ਬੁੱਧੀਮਾਨਤਾ ਨਾਲ ਜੋੜਨ ਲਈ
ਸਾਨੂੰ ਸਾਰੀਆਂ ਸੰਸਥਾਵਾਂ ਅਤੇ ਸਾਰੇ ਪੰਜਾਬੀ ਪਿਆਰਿਆਂ
ਨੂੰ ਰਲ ਕੇ ਮਿਹਨਤ ਕਰਨੀ ਪਵੇਗੀ।

ਅਸੀਂ ਇਸ ਮਿਸ਼ਨ ਦੀ ਸ਼ੁਰੂਆਤ ਕਰ ਚੁੱਕੇ ਹਾਂ।
ਜਲਦ ਇਹ ਵੱਡਾ ਕਾਰਜ ਮੁਕੰਮਲ ਕਰਾਂਗੇ।

ਉਹ ਲਿਪੀ ਤੇ ਉਹ ਭਾਸ਼ਾ ਜਿਸ ਨਾਲ ਬਾਬਾ ਨਾਨਕ ਨੇ
ਬ੍ਰਹਿਮੰਡੀ ਗਾਨ ਸਿਰਜਿਆ।
ਉਸ ਨੂੰ ਤਕਨੀਕੀ ਤੌਰ 'ਤੇ ਸਮ੍ਰਿੱਧ ਕਰ ਕੇ
ਉਸ ਦੀ ਸ਼ਾਨ ਸੰਸਾਰ ਵਿਚ ਰੌਸ਼ਨ ਕਰੀਏ।

**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ




ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ
ਵੱਟਸਐਪ ਚੈਨਲ ਨਾਲ ਜੁੜੋ
ਇੱਥੇ ਸਕੈਨ ਕਰੋ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ


# ਘਰ ਵਾਪਸੀ ਕਿਉਂ?

ਸਾਰੀ ਦੁਨੀਆਂ ਦੇ ਲੋਕ ਚਾਹੁੰਦੇ ਹਨ ਕਿ ਉਹ ਖੁਸ਼ਹਾਲ ਹੋ ਜਾਣ ਅਤੇ ਇਹ ਖੁਸ਼ਹਾਲੀ ਛੇਤੀ ਤੋਂ ਛੇਤੀ ਆ ਜਾਵੇ। ਇਸ ਲਈ ਉਹ ਬੜੀ ਕਿਸਮ ਦੇ ਉਪਰਾਲੇ ਕਰਦੇ ਹਨ। ਇਸ 'ਚ ਸਭ ਤੋਂ ਵੱਡਾ ਉਪਰਾਲਾ ਇਹ ਹੁੰਦਾ ਹੈ ਕਿ ਉਹ ਉਸ ਦੇਸ਼ ਜਾਂ ਉਸ ਧਰਤੀ 'ਤੇ ਜਾਣ, ਜਿੱਥੇ ਕਿ ਵਧੀਆ ਰੁਜ਼ਗਾਰ




ਜਨਮੇਜਾ ਸਿੰਘ ਜੌਹਲ
ਮੋਬਾਈਲ : 98159450 18


ਮਿਲਦਾ ਹੋਵੇ। ਜੇ ਦੇਖਿਆ ਜਾਵੇ ਤਾਂ ਯੂਰਪ, ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਆਦਿ ਮੁਲਕਾਂ ਵੱਲ ਨੂੰ ਲੋਕ ਜ਼ਿਆਦਾ ਭੱਜਦੇ ਹਨ। ਇਸ ਦਾ ਕਾਰਨ ਉੱਥੇ ਵੱਧ ਰੁਜ਼ਗਾਰ ਹੋਣਾ ਹੈ ਜਾਂ ਮਹਿੰਗਾ ਰੁਜ਼ਗਾਰ ਹੋਣਾ ਹੈ। ਇਹ ਦੇਸ਼ ਵੀ ਮੂਲ ਰੂਪ 'ਚ ਯੂਰਪ ਦੇ ਲੋਕਾਂ ਨੇ ਹੀ ਵਸਾਏ ਹਨ। ਉੱਥੋਂ ਦੇ ਮੂਲਵਾਸੀ ਪਿੱਛੇ ਧੱਕ ਦਿੱਤੇ ਗਏ ਹਨ ਅਤੇ ਅੰਗਰੇਜ਼ਾ ਨੇ ਨਵੇਂ ਸਿਸਟਮ ਬਣਾਏ, ਜਿਸ ਕਰਕੇ ਉਹ ਦੇਸ਼ ਛੇਤੀ ਤਰੱਕੀ ਕਰ ਗਏ। ਅੰਗਰੇਜ਼ ਕਦੇ ਵੀ ਸਖਤ ਕੰਮ ਕਰਕੇ ਰਾਜ਼ੀ ਨਹੀਂ ਹਨ, ਇਸ ਲਈ ਉਨ੍ਹਾਂ ਨੂੰ ਉਸ 'ਲੇਬਰ' (ਮਜ਼ਦੂਰਾਂ) ਦੀ ਲੋੜ ਪੈਂਦੀ ਹੈ, ਜੋ ਸਖਤ ਮਿਹਨਤ ਕਰ ਸਕੇ। ਇਸ ਲਈ ਅਫਰੀਕਾ ਤੇ ਏਸ਼ੀਆ ਦੇ ਲੋਕ ਬਹੁਤ ਕੰਮ ਦੇ ਗਿਣੇ ਜਾਂਦੇ ਹਨ। ਹੋਇਆ ਇਹ ਕਿ ਛੇਤੀ ਹੀ ਇਨ੍ਹਾਂ ਦੀ ਗਿਣਤੀ ਬਹੁਤ ਵੱਧ ਗਈ ਅਤੇ ਉਨ੍ਹਾਂ ਦੇਸ਼ਾਂ ਨੂੰ ਇਹ ਫਿਕਰ ਹੋ ਗਿਆ ਕਿ ਹੁਣ ਇੱਥੇ ਬੇਰੁਜ਼ਗਾਰੀ ਹੋ ਜਾਵੇਗੀ। ਇੱਥੇ ਏਸ਼ਿਆਈ ਅਤੇ ਅਫਰੀਕੀ ਸੋਚ ਅਤੇ ਧਰਮ ਭਾਰੂ ਹੋ ਜਾਣਗੇ। ਇਸ ਲਈ ਉਨ੍ਹਾਂ ਨੇ ਇੱਥੇ ਆਉਣ ਦੀ ਸਖਤੀ ਕਰ ਦਿੱਤੀ। ਮੈਨੂੰ ਯਾਦ ਹੈ ਕਿ ਜਦੋਂ 70ਵਿਆਂ 'ਚ ਅਮਰੀਕਾ ਦਾ ਵੀਜ਼ਾ 15 ਮਿੰਟ 'ਚ ਮਿਲ ਜਾਂਦਾ ਹੁੰਦਾ ਸੀ, ਇਸੇ ਤਰ੍ਹਾਂ 50ਵਿਆਂ 'ਚ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਸਿਰਫ ਵਾਊਚਰਾਂ ਉੱਤੇ ਹੀ ਇੰਗਲੈਂਡ ਪਹੁੰਚ ਗਈ ਸੀ, ਕਿਉਂਕਿ ਪੰਜਾਬੀ ਗਰਮ ਕੰਮ ਕਰ ਸਕਦੇ ਸਨ ਅਤੇ ਉਨ੍ਹਾਂ ਨੂੰ ਭੱਠੀਆਂ ਉੱਤੇ ਕੰਮ ਕਰਨ ਲਈ ਇਹੋ ਜਿਹੀ ਕੌਮ ਦੀ ਲੋੜ ਸੀ। ਹੌਲੀ-ਹੌਲੀ ਇਹ ਲੋੜ ਘਟਦੀ ਗਈ। ਪੰਜਾਬੀਆਂ ਅਤੇ ਅਫਰੀਕੀ



ਲੋਕਾਂ ਅੰਦਰ ਉੱਥੇ ਜਾਣ ਦੀ ਚਾਹਤ ਵਧਣ ਲੱਗੀ। ਬਹੁਤ ਸਾਰੇ ਅਮੀਰ ਲੋਕਾਂ ਦੇ ਬੱਚੇ ਵੀ ਉਨ੍ਹਾਂ ਦੇਸ਼ਾਂ 'ਚ ਜਾਣਾ ਚਾਹੁੰਦੇ ਸਨ। ਉਸ ਦਾ ਵੱਡਾ ਕਾਰਨ ਉਨ੍ਹਾਂ ਦੇ ਅੰਦਰ ਬਾਹਰ ਜਾਣ ਦਾ ਕੀੜਾ ਹੁੰਦਾ ਸੀ। ਇਸ ਕੀੜੇ ਦਾ ਸਭ ਤੋਂ ਵੱਧ ਫਾਇਦਾ ਏਜੰਟਾਂ ਨੇ ਉਠਾਇਆ, ਉਨ੍ਹਾਂ ਨੇ ਝੂਠ ਬੋਲੇ, ਸਬਜ਼ਬਾਗ ਦਿਖਾਏ ਅਤੇ ਆਪ ਲੱਖਾਂ-ਕਰੋੜਾਂ ਕਮਾਏ। ਨਾਜਾਇਜ਼ ਤਰੀਕਿਆਂ ਨਾਲ ਭੇਜ ਦੇ ਬਹੁਤ ਸਾਰੇ ਜਹਾਜ਼ ਡੋਬ ਕੇ ਜਾਂ ਡੌਂਕੀਆਂ ਲਗਵਾ ਕੇ ਬੱਚੇ ਮਰਵਾ ਦਿੱਤੇ ਜਾਂ ਕਹਿ ਲਓ ਉਹ ਰਸਤੇ 'ਚ ਮਰ ਵੀ ਗਏ। ਮਸਲਾ ਇਹ ਨਹੀਂ ਕਿ ਕੋਈ ਦੇਸ਼ ਆਪਣੇ ਦੇਸ਼ 'ਚੋਂ ਨਾਜਾਇਜ਼ ਤਰੀਕੇ ਨਾਲ ਪਹੁੰਚੇ ਹੋਏ ਲੋਕਾਂ ਨੂੰ ਵਾਪਸ ਭੇਜਣਾ ਚਾਹੁੰਦਾ ਹੈ, ਮਸਲਾ ਇਹ ਹੈ ਕਿ ਸਾਡੇ ਦੇਸ਼ਾਂ 'ਚ ਲੋਕਾਂ ਅੰਦਰ ਇਕ ਬੇਲੋੜੀ ਹੋੜ ਲੱਗ ਚੁੱਕੀ ਹੈ। ਸਰਕਾਰਾਂ ਕਿਸੇ ਵੀ ਤਰ੍ਹਾਂ, ਏਜੰਟਾਂ ਦੀ ਲਾਲਚ ਭਰੀ ਕਾਰਵਾਈ ਨੂੰ ਕੰਟਰੋਲ ਨਹੀਂ ਕਰ ਰਹੀਆਂ ਹਨ। ਚਾਹੀਦਾ ਇਹ ਹੈ ਕਿ ਜਿਵੇਂ ਡਾਕਟਰਾਂ ਨੂੰ ਇਸ਼ਤਿਹਾਰ ਦੇਣ ਦੀ ਮਨਾਹੀ ਹੈ, ਇਸੇ ਤਰ੍ਹਾਂ ਹੀ ਏਜੰਟਾਂ ਨੂੰ ਵੀ ਇਸ਼ਤਿਹਾਰ ਦੇਣ ਦੀ ਮਨਾਹੀ ਕਰ ਦੇਣੀ ਚਾਹੀਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਜੇਕਰ ਬੱਚੇ ਇਥੇ ਪੜ੍ਹਨ ਅਤੇ ਆਪਣੇ ਆਪ ਨੂੰ ਕਿਸੇ ਵਿਸ਼ੇ 'ਚ ਮਾਹਿਰ ਕਰ ਲੈਣ, ਤਾਂ ਉਹ ਦੇਸ਼ ਵੀ ਬੱਚਿਆਂ ਨੂੰ ਹੱਸ ਕੇ ਲੈਂਦੇ ਹਨ। ਨਹੀਂ ਤਾਂ ਫਿਰ ਹੱਥਕੜੀਆਂ ਤੇ ਪੈਰਾਂ ਦੀਆਂ ਬੇੜੀਆਂ ਪੈਣੀਆਂ ਕੋਈ ਅਨੋਖੀ ਗੱਲ ਨਹੀਂ ਹੈ।

------ ਬਾਕੀ ਸਫਾ 7 ਦੀ ------

# ਮਾਰਚ ਮਹੀਨੇ ਦੇ ਖੇਤੀ ਰੁਝੇਵੇਂ

ਅਤੇ ਬੀਜ ਤੋਂ ਬੀਜ 15 ਸੈਂਟੀਮੀਟਰ ਦੀ ਦੂਰੀ ਤੇ ਬੀਜੋ । ਬਿਜਾਈ ਸਮੇਂ 45 ਕਿਲੋ ਯੂਰੀਆ, 100 ਕਿਲੋ ਸਿੰਗਲ ਸੁਪਰ ਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਰਵਾਂਹ ਦਾ 8-10 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ।

**ਆਲੂ** : ਬੀਜ ਵਾਲੇ ਆਲੂ ਨੂੰ ਠੰਢੇ ਸਟੋਰ ਵਿੱਚ ਰੱਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਛਾਂਟੀ ਕਰ ਲਵੋ ਅਤੇ ਝੁਲਸ ਰੋਗ ਵਾਲੇ ਦਾਗੀ ਆਲੂ ਜਿਨ੍ਹਾਂ ਤੇ ਭੂਰੇ ਤੋਂ ਜਾਮਣੀ ਰੰਗ ਦੇ ਚੱਟਾਖ ਪੈ ਜਾਂਦੇ ਹਨ, ਬਾਹਰ ਕੱਢ ਕੇ ਨਸ਼ਟ ਕਰ ਦਿਉ । ਖਰੀਂਢ ਰੋਗ ਅਤੇ ਧੱਫੜੀ ਰੋਗ ਵਾਲੇ ਆਲੂ ਵੀ ਛਾਂਟੀ ਕਰਕੇ ਬਾਹਰ ਕੱਢ ਦਿਉ ।

**ਬਾਗਬਾਨੀ** :

1. ਸਦਾ ਹਰੇ ਰਹਿਣ ਵਾਲੇ ਬੂਟੇ ਜਿਵੇਂ ਕਿ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ ਅਤੇ ਬੇਰ ਆਦਿ ਨੂੰ ਖੇਤਾਂ ਵਿੱਚ ਲਗਾ ਦਿਉ ।



2. ਨਵੇਂ ਲਗਾਏ ਛੋਟੇ ਬੂਟਿਆਂ ਨੂੰ ਥੋੜ੍ਹੇ-ਥੋੜ੍ਹੇ ਵਕਫੇ ਤੇ ਪਾਣੀ ਦਿੰਦੇ ਰਹੋ । ਇਹਨਾਂ ਛੋਟੇ ਬੂਟਿਆਂ ਨੂੰ ਸਿੱਧਾ ਰੱਖਣ ਲਈ ਸੋਟੀਆਂ ਆਦਿ ਦਾ ਸਹਾਰਾ ਦਿਉ ਤਾਂ ਜੋ ਬੂਟੇ ਵਧੀਆ ਉੱਪਰ ਨੂੰ ਵੱਧ ਸਕਣ ।

3. ਇਸ ਮਹੀਨੇ ਫਲਦਾਰ ਬੂਟਿਆਂ ਨੂੰ ਲਗਾਤਾਰ ਪਾਣੀ ਦੇਣਾ ਚਾਹੀਦਾ ਹੈ ਕਿਉਂਕਿ ਨਵਾਂ ਪੁੰਗਾਰਾ ਆਉਂਦਾ ਹੈ । ਲੀਚੀ ਦੇ ਦਰੱਖਤਾਂ ਤੇ ਜਦੋਂ ਫਲ ਪੈ ਜਾਣ ਤਾਂ ਤਿੰਨ ਹਫਤੇ ਦੇ ਵਕਫੇ ਤੇ ਲਗਾਤਾਰ ਪਾਣੀ ਦਿਉ । ਅੰਗੂਰਾਂ ਦੀਆਂ ਵੇਲਾਂ ਨੂੰ ਮਾਰਚ ਦੇ ਪਹਿਲੇ ਹਫਤੇ ਪਾਣੀ ਦੇਣ ਦੀ ਜ਼ਰੂਰਤ ਹੈ । ਅਗੇਤੀਆਂ ਪੱਕਣ ਵਾਲੀਆਂ ਆੜੂ ਦੀਆਂ ਕਿਸਮਾਂ ਨੂੰ ਮਾਰਚ ਦੇ ਅਖੀਰ ਵਿਚ ਹਰ ਹਫਤੇ ਪਾਣੀ ਦੇਣਾ ਸ਼ੁਰੂ ਕਰੋ ।

4. ਬੇਰਾਂ ਦੀ ਤੁੜਾਈ ਦਾ ਮੁੱਖ ਸਮਾਂ ਅੱਧ ਮਾਰਚ ਤੋਂ ਅੱਧ ਅਪ੍ਰੈਲ ਹੈ । ਐਥੀਫੋਨ 400 ਪੀ ਪੀ ਐਮ ਦਾ (250 ਮਿ. ਲਿ. 300 ਲਿਟਰ ਪਾਣੀ) ਮਾਰਚ ਦੇ ਪਹਿਲੇ ਹਫਤੇ ਫਲਾਂ ਦੀ ਰੰਗ ਬਦਲਣ ਦੀ ਅਵਸਥਾ ਤੇ ਛਿੜਕਾਅ ਕਰਨ ਨਾਲ ਉਮਰਾਨ ਕਿਸਮ ਦੇ ਬੇਰ ਦੋ ਹਫਤੇ ਪਹਿਲਾਂ ਪੱਕ ਜਾਂਦੇ ਹਨ ਅਤੇ ਫਲ ਦਿਲ ਖਿੱਚਵੇਂ, ਇਕਸਾਰ, ਚੰਗੇ ਗੁਣਾਂ ਵਾਲੇ ਅਤੇ ਗੂੜ੍ਹੇ ਸੁਨਹਿਰੀ ਪੀਲੇ ਚਾਕਲੇਟ ਭਾਅ ਮਾਰਦੇ ਹਨ ।

5. ਆੜੂ ਅਤੇ ਅਲੂਚੇ ਦੇ ਬਾਗਾਂ ਵਿਚ ਬੂਟਿਆਂ ਦੀਆਂ ਛੱਤਰੀਆਂ ਹੇਠਾਂ 10 ਸੈਂਟੀਮੀਟਰ ਝੋਨੇ ਦੀ ਪਰਾਲੀ ਦੀ ਤਹਿ ਵਿਛਾ ਦਿਓ । ਪਰ ਇਹ ਕੰਮ ਰਸਾਇਣਿਕ ਖਾਦਾਂ ਦੀ ਦੂਜੀ ਕਿਸ਼ਤ ਪਾਉਣ ਤੋਂ ਬਾਅਦ ਕਰੋ । ਅਜਿਹਾ ਕਰਨ ਨਾਲ ਨਾ ਸਿਰਫ ਪਾਣੀ ਦੀ ਬੱਚਤ ਹੋਵੇਗੀ ਸਗੋਂ ਨਦੀਨਾਂ ਦੀ ਰੋਕਥਾਮ ਦੇ ਨਾਲ-ਨਾਲ ਫਲਾਂ ਦਾ ਝਾੜ ਅਤੇ ਗੁਣਵੱਤਾ ਵਿਚ ਸੁਧਾਰ ਹੋਵੇਗਾ ।

6. ਅਮਰੂਦਾਂ ਦੇ ਬਹੁਤ ਪੁਰਾਣੇ ਅਤੇ ਘੱਟ ਝਾੜ ਦੇਣ ਵਾਲੇ ਦਰੱਖਤਾਂ ਦਾ ਨਵੀਨੀਕਰਨ ਕਰਨ ਲਈ ਮਾਰਚ ਮਹੀਨੇ ਜ਼ਮੀਨ ਤੋਂ 1.5 ਮੀਟਰ ਦੀ ਉਚਾਈ ਤੋਂ ਕੱਟ ਦਿਉ ਅਤੇ ਕੱਟੇ ਹੋਏ ਸਿਰਿਆਂ ਉਪਰ ਬੋਰਡੋ ਪੇਸਟ ਲਗਾਓ ।

7. ਕਿੰਨੂ ਵਿੱਚ ਪੈਰ ਗਲ੍ਹਣ ਦੇ ਰੋਗ ਨੂੰ ਰੋਕਣ ਲਈ (ਫਾਈਟੋਪਥੋਰਾ) ਦੋ ਵਾਰ ਕਰਜ਼ੈਟ ਐਮ-8 (2 ਗ੍ਰਾਮ ਪ੍ਰਤੀ 100 ਮਿ. ਲਿ. ਅਲਸੀ ਦੇ ਤੇਲ ਦੇ ਹਿਸਾਬ ਨਾਲ) ਪੇਂਟ ਦੇ ਤੌਰ ਤੇ ਬਿਮਾਰੀ ਵਾਲੇ ਤਣੇ ਤੇ ਲਗਾਓ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਇਸੇ ਦਵਾਈ ਨਾਲ 25 ਗ੍ਰਾਮ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਭਿਉਂ ਦਿਓ । ਪੌਦੇ ਦੇ ਆਲੇ-ਦੁਆਲੇ ਅਤੇ ਮੁੱਢਾਂ ਉੱਪਰ ਸੋਡੀਅਮ ਹਾਈਪੋਕਲੋਰਾਈਡ (5%) ਨੂੰ 50 ਮਿ. ਲਿ. ਪ੍ਰਤੀ ਬੂਟੇ ਦੇ ਹਿਸਾਬ ਨਾਲ 10 ਲਿਟਰ ਪਾਣੀ ਵਿੱਚ ਘੋਲ ਬਣਾ ਕੇ ਗੜੁੱਚ ਕਰੋ ।

8. ਨਿੰਬੂ ਜਾਤੀ ਦੇ ਫਲਾਂ ਦੇ ਦਰੱਖਤਾਂ ਤੇ ਕੀੜਿਆਂ ਖਾਸ ਕਰਕੇ ਸਿੱਲਾ ਅਤੇ ਚੇਪੇ ਦੀ ਰੋਕਥਾਮ ਲਈ 200 ਮਿ.ਲਿ. ਕਰੋਕੋਡਾਈਲ/ਕੰਨਫੀਡੋਰ 17.8 ਐਸ ਐਲ (ਇਮੀਡਾਕਲੋਪਰਿਡ) ਜਾਂ 160 ਗ੍ਰਾਮ ਐਕਟਾਰਾ 25 ਤਾਕਤ (ਥਇਆਮੈਥੋਕਸਮ) ਜਾਂ 6.25 ਲਿਟਰ ਐਚ ਐਮ ਓ ਨੂੰ 500 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰੋ ।

9. ਅੰਬਾਂ ਵਿੱਚੋਂ ਚਿੱਟੋਂ ਰੋਗ ਦੀ ਰੋਕਥਾਮ ਲਈ ਕੰਨਟਾਫ (1 ਮਿ.ਲਿ. ਪ੍ਰਤੀ ਲਿਟਰ ਪਾਣੀ) ਜਾਂ ਸਲਫਰ ਘੁਲਣਸ਼ੀਲ (2.5 ਗ੍ਰਾਮ ਪ੍ਰਤੀ ਲਿਟਰ ਪਾਣੀ) ਦਾ ਇੱਕ ਛਿੜਕਾਅ ਫੁੱਲ ਪੈਣ ਤੋਂ ਪਹਿਲਾਂ, ਦੂਜਾ ਫੁੱਲ ਪੈਣ ਸਮੇਂ ਅਤੇ ਤੀਜਾ ਫਲ ਪੈਣ (ਅੰਬੀ ਬਣਨ) ਸਮੇਂ ਕਰੋ ।

**ਸਜਾਵਟੀ ਬੂਟੇ**

**ਮੌਸਮੀ ਫੁੱਲ** : ਗਰਮੀਆਂ ਵਾਲੇ ਮੌਸਮੀ ਫੁੱਲ ਜਿਵੇਂ ਕਿ ਕੋਸਮੋਸ, ਗੋਮਫਰੀਨਾ, ਕੋਚੀਆ, ਜ਼ੀਨੀਆ, ਦੁਪਹਿਰਖਿੜੀ ਦੀ ਨਰਸਰੀ ਅੰਸ਼ਿਕ ਛਾਂ ਹੇਠ ਲਗਾਉਣ ਲਈ ਢੁੱਕਵਾਂ ਸਮਾਂ ਹੈ । ਸਰਦੀ ਦੇ ਮੌਸਮੀ ਫੁੱਲਾਂ ਦੇ ਬੀਜ ਇਕੱਠਾ ਕਰਨਾ ਸ਼ੁਰੂ ਕਰ ਦਿਓ । ਬੀਜ ਨੂੰ ਸੁਕਾ ਕੇ ਡੱਬਿਆਂ ਵਿਚ ਬੰਦ ਕਰ ਕੇ ਰੱਖ ਦਿਓ ।

**ਗੁਲਦਾਉਦੀ** : ਗੁਲਦਾਉਦੀ ਦੇ ਜੰਡੂਏਂ, ਜਿਨ੍ਹਾਂ ਨੂੰ ਜਨਵਰੀ ਜਾਂ ਫਰਵਰੀ ਵਿਚ ਕਿਆਰੀਆਂ ਵਿੱਚ ਲਾਇਆ ਗਿਆ ਸੀ, ਉਨ੍ਹਾਂ ਦੇ ਟੂਸੇ ਤੋੜਦੇ ਰਹੋ ਤਾਂ ਜੋ ਵੱਧ ਤੋਂ ਵੱਧ ਸ਼ਾਖਾਵਾਂ ਫੁੱਟ ਸਕਣ । ਸਮੇਂ ਸਿਰ ਨਦੀਨਾਂ ਨੂੰ ਪੁੱਟਦੇ ਰਹੋ ਅਤੇ ਕੋਮਲ ਸ਼ਾਖਾਵਾਂ ਉੱਪਰ ਕਾਲੇ ਤੇਲੇ ਦਾ ਸਰਵੇਖਣ ਕਰਦੇ ਰਹੋ ।




**ਪੱਕੇ ਬੂਟੇ** : ਇਸ ਮਹੀਨੇ ਦੌਰਾਨ ਸਦਾ ਬਹਾਰ ਰੁੱਖਾਂ, ਝਾੜੀਆਂ ਅਤੇ ਵੇਲਾਂ ਸਮੇਤ ਹਰ ਤਰ੍ਹਾਂ ਦੇ ਪੱਕੇ ਬੂਟਿਆਂ ਨੂੰ ਲਾਇਆ ਜਾ ਸਕਦਾ ਹੈ । ਬੂਟੇ ਲਾਉਣ ਲਈ ਗਾਚੀ ਤੋਂ ਤਿੰਨ ਗੁਣਾਂ ਵਿਆਸ ਅਤੇ ਗਾਚੀ ਦੀ ਲੰਬਾਈ ਜਿੰਨਾ ਟੋਆ ਪੁੱਟੋ । ਰੁੱਖਾਂ, ਝਾੜੀਆਂ ਦੀ ਪੌਦ ਲਗਾਉਣ ਦੌਰਾਨ ਉਨ੍ਹਾਂ ਦੀ ਆਪਸੀ ਦੂਰੀ ਦਾ ਧਿਆਨ ਰੱਖੋ । ਬੀਜ ਤੋਂ ਤਿਆਰ ਹੋਣ ਵਾਲੀਆਂ ਝਾੜੀਆਂ ਦਾ ਬੀਜ ਵੀ ਇਸ ਸਮੇਂ ਨਰਸਰੀ ਬੈੱਡ ਬਣਾ ਕੇ ਬੀਜਿਆ ਜਾ ਸਕਦਾ ਹੈ ।

**ਘਾਹ ਦਾ ਮੈਦਾਨ (ਲਾਅਨ)** : ਜੇਕਰ ਸਿੰਚਾਈ ਦੀ ਵਿਵਸਥਾ ਹੋਵੇ ਤਾਂ ਘਾਹ ਦਾ ਮੈਦਾਨ (ਉਪਚਾਰਿਕ ਅਤੇ ਅਣ-ਉਪਚਾਰਿਕ ਵਿਧੀ) ਤਿਆਰ ਕਰਨ ਲਈ ਇਹ ਵਧੀਆ ਮੌਸਮ ਹੈ । ਤਿਆਰ ਕੀਤੀ ਹੋਈ ਜ਼ਮੀਨ ਵਿੱਚ ਘਾਹ ਦੀਆਂ ਜੜ੍ਹਾਂ ਨੂੰ ਲਾਇਆ ਜਾ ਸਕਦਾ ਹੈ । ਸ਼ੁਰੂ ਵਿੱਚ ਲਾਅਨ ਦੀ ਸਿੰਚਾਈ ਫੁਹਾਰੇ ਨਾਲ ਕਰੋ । ਘਾਹ ਦਾ ਮੈਦਾਨ ਜਲਦੀ ਤਿਆਰ ਕਰਨ ਲਈ ਮੈਟ (ਟਰਫ) ਪਹਿਲਾਂ ਤੋਂ ਤਿਆਰ ਕੀਤੀ ਜ਼ਮੀਨ ਤੇ ਵੀ ਲਗਾਇਆ ਜਾ ਸਕਦਾ ਹੈ ।

**ਗਮਲਿਆਂ ਵਾਲੇ ਬੂਟੇ** : ਗਮਲਿਆਂ ਵਾਲੇ ਬੂਟੇ ਜਿਵੇਂ ਕਿ ਡਰਾਈਸੀਨਾ, ਪੈਡੀਲੈਂਥਸ, ਐਲੋਕੇਸੀਆ, ਫਾਈਕਸਕਰੋਟੋਨਸ, ਕਲੋਰੋਫਾਈਟਮ, ਫਰਨ, ਸੈਨਸੀਵੇਰੀਆ ਆਦਿ ਨੂੰ ਵਧਾਉਣ ਅਤੇ ਖਾਦ ਪਾਉਣ ਦਾ ਉੱਤਮ ਸਮਾਂ ਹੈ । ਜਿਹੜੇ ਪੌਦੇ ਪਿਛਲੇ 3-4 ਸਾਲ ਤੋਂ ਗਮਲੇ ਵਿੱਚ ਲੱਗੇ ਹੋਏ ਹਨ, ਉਹਨਾਂ ਨੂੰ ਗਮਲੇ ਵਿੱਚੋਂ ਕੱਢ ਕੇ ਤਾਜ਼ੀ ਉਪਜਾਊ ਮਿੱਟੀ ਅਤੇ ਗਲੀ-ਸੜੀ ਰੂੜੀ ਦੀ ਖਾਦ ਨਾਲ ਭਰੇ ਹੋਏ ਗਮਲਿਆਂ ਵਿਚ ਦੁਬਾਰਾ ਲਾ ਦਿਉ ਅਤੇ ਪਾਣੀ ਪਾਓ । ਅਜਿਹਾ ਕਰਨ ਨਾਲ ਬੂਟਿਆਂ ਵਿੱਚ ਨਿਖਾਰ ਅਤੇ ਨਵੇਂ ਪੱਤਿਆਂ ਦਾ ਵਾਧਾ ਹੋਵੇਗਾ । ਲੋੜ ਪੈਣ ਤੇ ਸੁੱਕੇ ਪੱਤੇ ਅਤੇ ਵਾਧੂ ਸ਼ਾਖਾਵਾਂ ਕੱਟ ਦਿਓ ।

**ਗੰਢਿਆਂ ਵਾਲੇ ਬੂਟੇ** : ਜੇਕਰ ਗਰਮੀ ਦੇ ਗੰਢਿਆਂ ਵਾਲੇ ਬੂਟਿਆਂ ਦੇ ਗੰਢੇ ਨਹੀਂ ਬੀਜੇ ਤਾਂ ਹੁਣ ਜ਼ਰੂਰ ਬੀਜ ਦਿਉ । ਰਜਨੀਗੰਧਾ ਦੇ ਗੰਢੇ ਇਸ ਮਹੀਨੇ ਵੀ ਬੀਜੇ ਜਾ ਸਕਦੇ ਹਨ ।



**ਗੁਲਾਬ** : ਗਰਮੀ ਦਾ ਮੌਸਮ ਸ਼ੁਰੂ ਹੋਣ ਕਰਕੇ ਪਾਣੀ ਦੀ ਜ਼ਰੂਰਤ ਵੱਧ ਜਾਂਦੀ ਹੈ । ਇਸ ਕਰਕੇ ਸਿੰਚਾਈ ਦਾ ਖਾਸ ਧਿਆਨ ਰੱਖੋ ਤਾਂ ਕਿ ਸਿਹਤਮੰਦ ਫੁੱਲ ਪ੍ਰਾਪਤ ਕੀਤੇ ਜਾ ਸਕਣ । ਸੁੱਕੇ ਹੋਏ ਫੁੱਲਾਂ ਨੂੰ ਲਗਾਤਾਰ ਕੱਟਦੇ ਰਹੋ । ਇਸ ਮੌਸਮ ਵਿੱਚ ਬੂਟਿਆਂ ਵਿਚੋਂ ਜੜਮੁੱਢ ਜ਼ਿਆਦਾ ਨਿਕਲਦੇ ਹਨ, ਉਹਨਾਂ ਨੂੰ ਵੀ ਸਮੇਂ-ਸਮੇਂ ਤੇ ਕੱਟਦੇ ਰਹੋ । ਸੁੱਕੇ ਫੁੱਲਾਂ ਨੂੰ ਕੱਟਦੇ ਰਹੋ ।

**ਗੇਂਦਾ** : ਗਰਮੀ ਵਾਲੇ ਗੇਂਦੇ (ਪੰਜਾਬ ਗੇਂਦਾ ਨੰ.1) ਦੀ ਪਨੀਰੀ ਤਿਆਰ ਹੈ ਤਾਂ ਖੇਤ ਵਿੱਚ ਲਾ ਦਿਓ ।

**ਵਣ ਖੇਤੀ**

**ਪਾਪਲਰ** : ਤਿੰਨ ਸਾਲ ਤੋਂ ਘੱਟ ਉਮਰ ਦੀਆਂ ਪਾਪਲਰ ਪਲਾਂਟੇਸ਼ਨਾਂ ਵਿੱਚ ਮਾਰਚ ਦੇ ਅਖੀਰ ਤੱਕ ਰਜੋਂ ਦੀ ਬਿਜਾਈ ਕਰ ਸਕਦੇ ਹੋ ਪਾਪਲਰ ਦੀ ਨਰਸਰੀ ਅਤੇ ਪਲਾਂਟੇਸ਼ਨਾਂ ਨੂੰ 7-10 ਦਿਨਾਂ ਦੇ ਵਕਫੇ ਤੇ ਪਾਣੀ ਲਾਉਂਦੇ ਰਹੋ ਤਾਂ ਜੋ ਫੁਟਾਰਾ ਚੰਗਾ ਹੋ ਸਕੇ । ਨਰਸਰੀ ਵਿਚ ਨਦੀਨਾਂ ਦੀ ਰੋਕਥਾਮ ਲਈ ਝੋਨੇ ਦੀ ਪਰਾਲੀ 4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਤੋਂ ਬਾਅਦ ਤੁਰੰਤ ਵਿਛਾ ਦਿਓ ।



**ਸਫੈਦਾ** : ਸਫੈਦੇ ਦੇ ਬੀਜ ਨੂੰ ਫਰਵਰੀ-ਮਾਰਚ ਵਿਚ ਧਰਤੀ ਤੋਂ ਉੱਚੀਆਂ ਕਿਆਰੀਆਂ (10 ਤੋਂ 15 ਸੈਂਟੀਮੀਟਰ) ਵਿਚ ਛੱਟਾ ਮਾਰ ਕੇ ਜਾਂ ਲਾਈਨਾਂ ਵਿਚਕਾਰ 10 ਸੈ.ਮੀ. ਦੀ ਦੂਰੀ ਰੱਖ ਕੇ 20 ਗ੍ਰਾਮ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਬੀਜ ਦਿਉ । ਘਾਹ ਦੇ ਬਣੇ ਹੋਏ ਛੱਪਰ ਨਾਲ ਢੱਕ ਦਿਉ ਅਤੇ ਲੋੜ ਅਨੁਸਾਰ ਪਾਣੀ ਦਾ ਛਿੜਕਾਅ ਕਰਦੇ ਰਹੋ ਤਾਂ ਜੋ ਮਿੱਟੀ ਦੀ ਉੱਪਰਲੀ ਸਤਹਿ ਗਿੱਲ੍ਹੀ ਰਹੇ । ਜਦੋਂ ਪੌਦੇ ਤਿੰਨ ਜਾਂ ਚਾਰ ਪੱਤੇ ਕੱਢ ਲੈਣ ਤਾਂ ਇਨ੍ਹਾਂ ਨੂੰ ਪੋਲੀਥੀਨ ਦੀਆਂ ਥੈਲੀਆਂ ਵਿੱਚ, ਜਿਨ੍ਹਾਂ ਨੂੰ ਮਿੱਟੀ ਅਤੇ ਰੂੜੀ ਦੀ ਖਾਦ (2:1) ਨਾਲ ਭਰ ਕੇ ਪਾਣੀ ਲਾਇਆ ਹੋਵੇ, ਉਹਨਾਂ ਥੈਲੀਆਂ ਵਿੱਚ ਲਾ ਦਿਉ ।

ਸਫੈਦੇ ਦੀ ਪਲਾਂਟੇਸ਼ਨ ਨੂੰ ਫਾਸਫੋਰਸ ਦੀ ਖੁਰਾਕ ਅਤੇ ਇਕ ਤਿਹਾਈ ਨਾਈਟ੍ਰੋਜਨ ਖਾਦ, ਮਾਰਚ ਦੇ ਦੂਜੇ ਪੰਦਰਵਾੜੇ ਵਿਚ ਪਾ ਦੇਣੀ ਚਾਹੀਦੀ ਹੈ ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਸ਼ਹਿਦ ਮੱਖੀ ਪਾਲਣ ਸ਼ੁਰੂ ਕਰਨ ਲਈ ਅਜੇ ਵੀ ਅੱਧ ਮਾਰਚ ਤੱਕ ਇਹ ਢੁਕਵਾਂ ਸਮਾਂ ਹੈ । ਇਸ ਮਹੀਨੇ ਕਾਫੀ ਫੁੱਲ-ਫੁਲਾਕਾ ਪ੍ਰਾਪਤ ਹੋਣ ਅਤੇ ਸੁਖਾਵਾਂ ਮੌਸਮ ਹੋਣ ਕਾਰਨ ਬਰੂਡ ਵੀ ਕਾਫੀ ਪੈਂਦਾ ਹੈ ਅਤੇ ਇਸ ਲਈ ਕਟੁੰਬਾਂ ਦੀ ਬਲਤਾ ਵਿੱਚ ਤੇਜ਼ੀ ਨਾਲ ਵਾਧਾ ਹੁੰਦਾ ਹੈ । ਸੋ ਇਹ ਕਟੁੰਬਾਂ ਦੀ ਗਿਣਤੀ ਵਿੱਚ ਵਾਧੇ ਲਈ ਵੀ ਢੁਕਵਾਂ ਸਮਾਂ ਹੈ । ਕਟੁੰਬਾਂ ਦੀ ਗਿਣਤੀ ਵਿੱਚ ਵਾਧਾ ਉਨ੍ਹਾਂ ਦੀ ਸੁਚੱਜੀ ਵੰਡ ਕਰਕੇ ਜਾਂ ਸਮੂਹਕ ਰਾਣੀ ਮੱਖੀਆਂ ਤਿਆਰ ਕਰਕੇ ਕੀਤਾ ਜਾ ਸਕਦਾ ਹੈ । ਇਹ ਸਮਾਂ ਪੁਰਾਣੀਆਂ ਅਤੇ ਮਾੜੀਆਂ ਰਾਣੀ ਮੱਖੀਆਂ ਤਬਦੀਲ ਕਰਨ ਲਈ ਵੀ ਢੁੱਕਵਾਂ ਹੈ ਅਤੇ ਇਸ ਮੰਤਵ ਲਈ ਲੋੜੀਂਦੀਆਂ ਰਾਣੀ ਮੱਖੀਆਂ ਕਿਸੇ ਚੰਗੇ ਰਵੇ ਤੇ ਕਟੁੰਬਾਂ ਤੋਂ ਵਪਾਰਕ ਪੱਧਰੀ ਸਮਕਾਲੀ ਸਮੂਹਕ ਰਾਣੀ ਮੱਖੀਆਂ ਤਿਆਰ ਕਰਨ ਵਾਲੇ ਢੰਗ ਨੂੰ ਅਪਣਾ ਕੇ ਤਿਆਰ ਕੀਤੀਆਂ ਜਾ ਸਕਦੀਆਂ ਹਨ । ਜੇ ਅਜੇ ਤੱਕ ਕਟੁੰਬਾਂ ਦੀ ਹਿਜ਼ਰਤ ਸਫੈਦੇ ਦੇ ਦਰੱਖਤਾਂ ਨੇੜੇ ਨਹੀਂ ਕੀਤੀ, ਤਾਂ ਮਾਰਚ ਮਹੀਨੇ ਦੇ ਸ਼ੁਰੂ ਵਿਚ ਹੀ ਇਹ ਹਿਜ਼ਰਤ ਜ਼ਰੂਰ ਕਰ ਦੇਣੀ ਚਾਹੀਦੀ ਹੈ । ਇਸ ਹਿਜ਼ਰਤ ਤੋਂ ਪਹਿਲਾਂ ਮੱਖੀਆਂ ਦੁਆਰਾ ਸਰ੍ਹੋਂ ਤੋਂ ਇਕੱਠਾ ਕੀਤਾ ਸ਼ਹਿਦ ਕੱਢ ਲਵੋ । ਜੇਕਰ ਕਟੁੰਬ ਵਿੱਚ ਮੱਖੀਆਂ ਦੀ ਬਲਤਾ ਜ਼ਿਆਦਾ ਹੈ ਤਾਂ ਕਟੁੰਬ ਨੂੰ ਹੋਰ ਛੱਤੇ, ਬੁਨਿਆਦੀ ਸ਼ੀਟਾਂ ਲੱਗੀਆਂ ਫਰੇਮਾਂ ਦਿਉ । ਜੇਕਰ ਕਟੁੰਬ ਪਹਿਲਾਂ ਹੀ 10 ਛੱਤਿਆਂ ਤੇ ਹੈ ਤਾਂ ਸੁਪਰ ਚੈਂਬਰ ਦੇ ਰੂਪ ਵਿੱਚ ਹੋਰ ਜਗ੍ਹਾ ਦੇਵੋ । ਸਵਾਰਮ ਪ੍ਰਤੀ ਚੁਕੰਨੇ ਰਹੋ ਅਤੇ ਇਸ ਦੀ ਰੋਕਥਾਮ ਲਈ ਸਿਫਾਰਸ਼ਾਂ ਅਨੁਸਾਰ ਯੋਗ ਪ੍ਰਬੰਧ ਕਰੋ । ਬਰੂਡ ਨੂੰ ਬਾਹਰੀ ਪ੍ਰਜੀਵੀ ਬਰੂਡ ਮਾਈਟ (ਟਰੋਪਲੀਲੈਪਸ ਕਲੈਰੀ) ਦੇ ਹਮਲੇ ਤੋਂ ਬਚਾਉਣ ਲਈ ਛੱਤਿਆਂ ਦੇ ਉਪਰਲੇ ਡੰਡਿਆਂ ਉਪਰ ਸਲਫਰ ਦਾ ਧੂੜਾ ਇਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜਣ ਤੋਂ ਬਾਅਦ ਇਨ੍ਹਾਂ ਫਰੇਮਾਂ ਦੇ ਉਪਰਲੇ ਡੰਡਿਆਂ ਨੂੰ ਅੰਦਰਲੇ ਢੱਕਣ ਨਾਲ ਢੱਕੋ । ਫਾਰਮਿਕ ਐਸਿਡ (85%) ਦੀ ਧੂਣੀ 5 ਮਿਲੀਲਿਟਰ ਹਰ ਰੋਜ਼ ਦੇ ਹਿਸਾਬ ਨਾਲ ਲਗਾਤਾਰ ਦੋ ਹਫਤੇ ਵਰਤਣ ਨਾਲ ਵੀ ਇਸ ਮਾਈਟ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਫਾਰਮਿਕ ਐਸਿਡ ਵਰੋਆ ਮਾਈਟ (ਚਿੱਚੜੀ) ਦੀ ਰੋਕਥਾਮ ਲਈ ਵੀ ਫਾਇਦੇਮੰਦ ਹੈ । ਔਗਜੈਲਿਕ ਐਸਿਡ ਦਾ ਖੰਡ ਦੇ 60 ਪ੍ਰਤੀਸ਼ਤ ਘੋਲ ਵਿੱਚ ਤਿਆਰ ਕੀਤਾ 4.2 ਪ੍ਰਤੀਸ਼ਤ ਘੋਲ, 5 ਮਿਲੀਲਿਟਰ ਹਰ ਦੋ ਛੱਤਿਆਂ ਵਿਚਾਲੇ ਦੇਰ ਸ਼ਾਮ ਨੂੰ ਹਫਤੇ-ਹਫਤੇ ਦੇ ਵਕਫ਼ੇ ਤੇ ਤਿੰਨ ਵਾਰ ਵਰਤਣਾ ਵੀ ਵਰੋਆ ਚਿੱਚੜੀ ਦੀ ਰੋਕਥਾਮ ਲਈ ਫਾਇਦੇਮੰਦ ਹੈ । ਵਰੋਆ ਮਾਈਟ ਦਾ ਹਮਲਾ ਹੋਣ ਦੀ ਸੂਰਤ ਵਿੱਚ ਸੀਲ ਡਰੋਨ ਬਰੂਡ ਵਾਲੇ ਛੱਤੇ ਹਿਸਿਆਂ ਨੂੰ ਕੱਟ ਕੇ ਨਸ਼ਟ ਕਰਨਾ, ਮਾਈਟ ਨੂੰ ਡਰੋਨ ਬਰੂਡ ਵਾਲੇ ਛੱਤਿਆਂ ਤੇ ਟਰੈਪ ਕਰਕੇ ਇਨ੍ਹਾਂ ਨੂੰ ਨਸ਼ਟ ਕਰਨਾ, ਪੀਸੀ ਖੰਡ ਮੱਖੀਆਂ 1.5 ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ 3 ਦਿਨ ਦੇ ਵਕਫੇ ਤੇ 8 ਵਾਰ ਧੂੜਨਾ, ਬੌਟਮ ਬੋਰਡ ਉੱਤੇ ਚਿਪਕਣ ਵਾਲਾ ਕਾਗਜ਼ (ਸਟਿੱਕਰ) ਰੱਖਣਾ ਅਤੇ ਜਾਲੀਦਾਰ ਵਰੋਆ ਬੌਟਮ ਬੋਰਡ ਵਰਤਣਾ ਆਦਿ ਗੈਰ-ਰਸਾਇਣਕ ਤਰੀਕੇ ਇਸ ਮਾਈਟ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ । ਬਰੂਡ ਬਿਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਸ਼ੱਕ ਹੋਣ ਦੀ ਸੂਰਤ ਵਿੱਚ ਮਾਹਿਰਾਂ ਦੀ ਸਲਾਹ ਲਉ ਅਤੇ ਲੋੜੀਂਦੇ ਰੋਕਥਾਮ ਉਪਰਾਲੇ ਕਰੋ । ਗੈਰ-ਰਸਾਇਣਕ ਤਰੀਕਿਆਂ ਨੂੰ ਤਰਜ਼ੀਹ ਦਿਉ । ਐਂਟੀਬਾਇਟਿਕਾਂ ਦੀ ਵਰਤੋਂ ਨਾ ਕਰੋ । ਕਟੁੰਬਾਂ ਵਿਚਾਲੇ ਢੁਕਵੀਂ ਵਿੱਥ ਰੱਖ ਕੇ ਅਤੇ ਸ਼ਹਿਦ ਸਿਰਫ ਸੁਪਰਾਂ ਵਿਚੋਂ ਕੱਢ ਕੇ, ਜੋ ਕਿ ਰਾਣੀ ਨਿਖੇੜੂ ਜਾਲੀ ਦੁਆਰਾ ਬਰੂਡ ਚੈਂਬਰ ਨਾਲੋਂ ਅੱਡ ਕੀਤੇ ਹੋਣ, ਸ਼ਹਿਦ ਮੱਖੀ ਫਾਰਮ ਵਿੱਚ ਮਾਈਟ ਅਤੇ ਬਰੂਡ ਬੀਮਾਰੀਆਂ ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ ।



(ਚੱਲਦਾ)



# ਕਮਾਦ ਤੋਂ ਵੱਧ ਮੁਨਾਫੇ ਲਈ ਫਸਲ ਉਤਪਾਦਨ ਤਕਨੀਕਾਂ

ਜਸ਼ਨਜੋਤ ਕੌਰ, ਰਾਜਿੰਦਰ ਪਾਲ ਅਤੇ ਕੁਲਦੀਪ ਸਿੰਘ,
ਖੇਤਰੀ ਖੋਜ ਕੇਂਦਰ, ਕਪੂਰਥਲਾ । (ਮੋ. 98140-13044)

**ਸਾਲ 2021-22 ਦੌਰਾਨ ਪੰਜਾਬ ਵਿਚ ਇਸ ਫਸਲ ਦੀ ਕਾਸ਼ਤ 86.8 ਹਜ਼ਾਰ ਹੈਕਟਅਰ ਰਕਬੇ ਕੀਤੀ ਗਈ ਅਤੇ ਇਸ ਦਾ ਔਸਤ ਝਾੜ 821.5 ਕੁਇੰਟਲ ਪ੍ਰਤੀ ਹੈਕਟਅਰ ਰਿਹਾ । ਹੇਠ ਦੱਸੀਆਂ ਉੱਤਮ ਤਕਨੀਕਾਂ ਅਪਨਾ ਕੇ ਇਸ ਫਸਲ ਤੋਂ ਵਧੇਰੇ ਝਾੜ ਅਤੇ ਮੁਨਾਫਾ ਪ੍ਰਾਪਤ ਕੀਤਾ ਜਾ ਸਕਦਾ ਹੈ ।**

**ਜ਼ਮੀਨ ਦੀ ਤਿਆਰੀ** : ਆਮ ਜ਼ਮੀਨਾਂ ਲਈ ਖੇਤ ਦੀ ਤਿਆਰੀ ਕਰਨ ਲਈ ਤਿੰਨ ਤੋਂ ਚਾਰ ਵਾਹੀਆਂ ਉਪਰੰਤ ਸੁਹਾਗਾ ਮਾਰਨ ਨਾਲ ਖੇਤ ਬਿਜਾਈ ਲਈ ਤਿਆਰ ਹੋ ਜਾਂਦਾ ਹੈ । ਖੇਤ ਤਿਆਰ ਕਰਨ ਤੋਂ ਪਹਿਲਾਂ ਜੇਕਰ ਖੇਤ ਵਿਚ 1.0 ਮੀਟਰ × 1.0 ਮੀਟਰ ਦੀ ਦੂਰੀ ਤੇ 45-50 ਸੈਂਟੀਮੀਟਰ ਡੂੰਘਾ ਤਹਿ-ਤੋੜ ਹਲ (ਸਬ-ਸਾਇਲਰ) ਚਲਾ ਦਿੱਤਾ ਜਾਵੇ ਤਾਂ ਜ਼ਮੀਨ ਹੇਠਾਂ ਬਣੀ ਸਖਤ ਤਹਿ ਟੁੱਟ ਜਾਂਦੀ ਹੈ ਜਿਸ ਨਾਲ ਫਸਲ ਦੀਆਂ ਜੜ੍ਹਾਂ ਡੂੰਘੀਆਂ ਜਾਂਦੀਆਂ ਹਨ ।

**ਕਿਸਮ ਦੀ ਚੋਣ** : ਅਗੇਤੀਆਂ ਕਿਸਮਾਂ 8-10 ਮਹੀਨਿਆਂ ਦਾ ਸਮਾਂ ਪੱਕਣ ਲਈ ਲੈਂਦੀਆਂ ਹਨ ਅਤੇ ਨਵੰਬਰ ਤੋਂ ਦਸੰਬਰ ਦੌਰਾਨ ਕਟਾਈ ਲਈ ਤਿਆਰ ਹੋ ਜਾਂਦੀਆਂ ਹਨ, ਪ੍ਰੰਤੂ ਦਰਮਿਆਨੀਆਂ-ਪਿਛੇਤੀਆਂ ਕਿਸਮਾਂ ਜਨਵਰੀ ਤੋਂ ਮਾਰਚ ਦਰਮਿਆਨ ਪੱਕਦੀਆਂ ਹਨ, ਜੋ ਕਿ 10-12 ਮਹੀਨਿਆਂ ਦੌਰਾਨ ਕਟਾਈ ਲਈ ਤਿਆਰ ਹੋ ਜਾਂਦੀਆਂ ਹਨ । ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਵਿਚ ਸੀ. ਓ. ਪੀ. ਬੀ-95, ਸੀ. ਓ.-15023, ਸੀ. ਓ. ਪੀ. ਬੀ-92, ਸੀ. ਓ.-118, ਸੀ. ਓ. ਜੇ-85 ਅਤੇ ਸੀ. ਓ. ਜੇ-64 ਹਨ । ਦਰਮਿਆਨੀ-ਪਿਛੇਤੀ ਪੱਕਣ ਵਾਲੀਆਂ ਕਿਸਮਾਂ ਵਿਚ ਸੀ. ਓ. ਪੀ. ਬੀ-98, ਸੀ. ਓ. ਪੀ. ਬੀ-94, ਸੀ. ਓ. ਪੀ. ਬੀ-91, ਸੀ. ਓ-238 ਅਤੇ ਸੀ. ਓ. ਜੇ88 ਸ਼ਾਮਲ ਹਨ ।

**ਬੀਜ ਦੀ ਚੋਣ ਅਤੇ ਬੀਜ ਦੀ ਮਾਤਰਾ ਅਤੇ ਬੀਜ ਸੋਧ** : ਬਿਜਾਈ ਲਈ ਹਮੇਸ਼ਾਂ ਗੰਨੇ ਦਾ ਉਪਰਲਾ ਦੋ ਤਿਹਾਈ ਨਰੋਆ ਹਿੱਸੇ ਨੂੰ ਹੀ ਵਰਤੋ ਕਿਉਂਕਿ ਉਪਰਲਾ ਹਿੱਸਾ ਤਾਜ਼ਾ ਅਤੇ ਨਰੋਆ ਹੁੰਦਾ ਹੈ, ਜਿਸ ਨਾਲ ਬੀਜ ਦੀ ਉੱਗਣ ਸਮਰੱਥਾ ਵੀ ਵੱਧ ਹੁੰਦੀ ਹੈ । ਬੀਜ ਲਈ ਵਰਤੇ ਜਾਣ ਵਾਲੇ ਗੰਨਿਆਂ ਦੀ ਖੋਰੀ ਨੂੰ ਹਮੇਸ਼ਾਂ ਹੱਥਾਂ ਨਾਲ ਉਤਾਰਨਾ ਚਾਹੀਦਾ ਹੈ । ਇੱਕ ਏਕੜ ਦੀ ਬਿਜਾਈ ਲਈ 20 ਹਜ਼ਾਰ ਗੁੱਲੀਆਂ ਤਿੰਨ ਅੱਖਾਂ ਵਾਲੀਆਂ ਜਾਂ ਚਾਰ ਅੱਖਾਂ ਵਾਲੀਆਂ 15 ਹਜ਼ਾਰ ਗੁੱਲੀਆਂ (ਬਰੋਟੇ) ਜਾਂ ਪੰਜ ਅੱਖਾਂ ਵਾਲੀਆਂ 12 ਹਜ਼ਾਰ ਗੁੱਲੀਆਂ ਕਾਫੀ ਹਨ । ਇੱਕ ਏਕੜ ਦੀ ਬਿਜਾਈ ਲਈ ਕਮਾਦ ਦੀ ਕਿਸਮ ਅਨੁਸਾਰ 30 ਤੋਂ 35 ਕੁਇੰਟਲ ਬੀਜ ਦੀ ਜ਼ਰੂਰਤ ਹੁੰਦੀ ਹੈ । ਕਮਾਦ ਦੀ ਕਿਸਮਾਂ ਜਿਨ੍ਹਾਂ ਦਾ ਗੰਨਾ ਮੋਟਾ ਹੋਵੇ ਜਿਵੇਂ ਸੀ. ਓ. ਪੀ. ਬੀ-95, ਪ੍ਰੰਤੂ ਸੀ. ਓ.-118 ਅਤੇ ਸੀ. ਓ. ਜੇ-85 ਕਿਸਮ ਦੀ ਬਿਜਾਈ ਸਮੇਂ ਤੋਲ ਅਨੁਸਾਰ 10 ਪ੍ਰਤੀਸ਼ਤ ਵੱਧ ਬੀਜ ਦੀ ਵਰਤੋਂ ਕਰੋ । ਜੇਕਰ ਗੰਨੇ ਦੀਆਂ ਪੋਰੀਆਂ ਦੀ ਲੰਬਾਈ ਘੱਟ ਹੋਵੇ ਤਾਂ ਗੁੱਲੀਆਂ (ਬਰੋਟਿਆਂ) ਦੇ ਵਿਚਕਾਰ ਬਣਦਾ ਫਾਸਲਾ ਵਧਾ ਦਿਓ । ਕਮਾਦ ਦੀ ਬਿਜਾਈ ਸਮੇਂ 1 ਮੀਟਰ ਵਿਚ ਲਗਭਗ 12 ਅੱਖਾਂ ਬੀਜੀਆਂ ਚਾਹੀਦੀਆਂ ਹਨ । ਜੇਕਰ ਪੋਰੀਆਂ ਦੀ ਲੰਬਾਈ ਜ਼ਿਆਦਾ ਹੋਵੇ ਤਾਂ ਬਿਜਾਈ ਸਮੇਂ ਇਕ ਬਰੋਟੇ ਨੂੰ ਦੂਸਰੇ ਬਰੋਟੇ ਤੇ ਚੜ੍ਹਾ ਦੇ ਬੀਜੋ । ਚੰਗੇ ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ ਬਣਾਉਣ ਲਈ 25 ਮਿਲੀਲਿਟਰ ਈਥਰਲ 39 ਐਸ ਐਲ ਨੂੰ 100 ਲਿਟਰ ਪਾਣੀ ਵਿਚ ਘੋਲੋ ਜਾਂ ਬਰੋਟਿਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਪਾਣੀ ਵਿਚ ਡੋਬ ਲਵੋ ।

**ਬਿਜਾਈ ਦਾ ਸਮਾਂ** : ਅਗੇਤੀਆਂ ਕਿਸਮਾਂ ਦੀ ਬਿਜਾਈ ਮਾਰਚ ਤੋਂ ਬਾਅਦ ਨਾ ਕਰੋ, ਕਿਉਂਕਿ ਅਪ੍ਰੈਲ ਵਿਚ ਤਾਪਮਾਨ ਵੱਧਣਾ ਸ਼ੁਰੂ ਹੋ ਜਾਂਦਾ ਹੈ । ਇਸ ਲਈ ਪਿਛੇਤੀ ਬਿਜਾਈ ਤੋਂ ਸੰਕੋਚ ਕਰਨਾ ਚਾਹੀਦਾ । ਜੇਕਰ ਕਿਸੇ ਹਾਲਤ ਵਿਚ ਪਿਛੇਤੀ ਬਿਜਾਈ ਕਰਨੀ ਹੋਵੇ ਤਾਂ ਹੇਠ ਦੱਸੇ ਨੁਕਤੇ ਧਿਆਨ ਵਿਚ ਜ਼ਰੂਰ ਰੱਖੋ ।

★ ਪਿਛੇਤੀ ਬਿਜਾਈ ਲਈ ਕੋਈ ਵੀ ਦਰਮਿਆਨੀ-ਪਿਛੇਤੀ ਕਿਸਮ ਹੀ ਬੀਜੋ ।

★ ਬੀਜ ਦੀ ਮਾਤਰਾ ਜ਼ਿਆਦਾ ਵਰਤੋ, ਇਕ ਏਕੜ ਲਈ ਤਿੰਨ ਅੱਖਾਂ ਵਾਲੇ 30 ਹਜ਼ਾਰ ਬਰੋਟੇ ਵਰਤੋ ।

★ ਅਗੇਤੀ ਫੋਟ ਦੇ ਗੜੂੰਏਂ ਦੀ ਰੋਕਥਾਮ ਪੂਰੀ ਤਰ੍ਹਾਂ ਕਰੋ ਕਿਉਂਕਿ ਇਸ ਦਾ ਹਮਲਾ ਪਿਛੇਤੀ ਫਸਲ ਤੇ ਜ਼ਿਆਦਾ ਹੁੰਦਾ ਹੈ ।

**ਬਿਜਾਈ ਦਾ ਢੰਗ**

**1. ਖਾਲੀ ਵਿਧੀ ਰਾਹੀਂ ਗੰਨੇ ਦੀ ਬਿਜਾਈ** : ਇਸ ਵਿਧੀ ਰਾਹੀਂ ਬਿਜਾਈ ਕਰਨ ਲਈ ਖਾਲੀਆਂ ਵਿਚਕਾਰ ਫਾਸਲਾ 75 ਸੈਂਟੀਮੀਟਰ ਅਤੇ ਖਾਲੀਆਂ ਦੀ ਡੂੰਘਾਈ 20-25 ਸੈਂਟੀਮੀਟਰ ਰੱਖੋ । ਖਾਲੀਆਂ ਵਿਚਕਾਰ ਫਾਸਲਾ 120 ਸੈਂਟੀਮੀਟਰ ਤੱਕ ਵੀ ਵਧਾਇਆ ਜਾ ਸਕਦਾ ਹੈ ।

**2. ਦੋ ਕਤਾਰੀ ਖਾਲੀ ਵਿਧੀ (90:30/120:30 ਸੈਂਟੀਮੀਟਰ)** : ਇਸ ਵਿਧੀ ਨਾਲ ਫਸਲ ਦੀ ਬਿਜਾਈ ਦੋ ਕਤਾਰਾਂ ਵਿੱਚ ਇਕ ਫੁੱਟ ਚੌੜੀਆਂ ਅਤੇ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ ਵਿੱਚ ਕਰੋ । ਇੱਕ ਖਾਲੀ ਤੋਂ ਦੂਸਰੀ ਖਾਲੀ ਦਾ ਫਾਸਲਾ ਤਿੰਨ ਫੁੱਟ ਤੱਕ ਰੱਖੋ ਜੋ ਕਿ 4 ਫੁੱਟ ਤੱਕ ਵੀ ਵਧਾਇਆ ਜਾ ਸਕਦਾ ਹੈ । ਖਾਲੀ ਵਿਚ ਗੰਨੇ ਦੀਆਂ ਦੋ ਕਤਾਰਾਂ ਬੀਜਣ ਵਾਸਤੇ ਸ਼ੂਗਰਕੇਨ ਟਰੈਂਚ ਪਲਾਂਟਰ ਵਰਤੋ । ਇਹ ਵਿਧੀ ਬਿਜਾਈ ਤੇ ਆਉਣ ਵਾਲੇ ਖਰਚ ਨੂੰ 25% ਤੱਕ ਘਟਾਇਆ ਜਾ ਸਕਦਾ ਹੈ । ਇਸ ਨਾਲ ਇਕ ਦਿਨ ਵਿਚ 2-3 ਏਕੜ ਬਿਜਾਈ ਕੀਤੀ ਜਾ ਸਕਦੀ ਹੈ ।

**ਅੰਤਰ ਫਸਲਾਂ** : ਬਸੰਤ ਰੁੱਤ ਦੇ ਕਮਾਦ ਵਿਚ ਅੰਤਰ-ਫਸਲਾਂ ਜਿਵੇਂ ਕਿ ਗਰਮੀਆਂ ਦੀ ਮੂੰਗੀ, ਗਰਮੀਆਂ ਦੇ ਮਾਂਹ, ਭਿੰਡੀ, ਖੀਰਾ ਅਤੇ ਜਾਪਾਨੀ ਪੁਦੀਨਾ ਨਾਲ ਵੀ ਬੀਜਿਆ ਜਾ ਸਕਦਾ ਹੈ ।

**ਖਾਦਾਂ ਦੀ ਵਰਤੋਂ** :

**ਜੀਵਕ ਅਤੇ ਜੀਵਾਣੂੰ ਖਾਦਾਂ** : ਜੇਕਰ ਬਿਜਾਈ ਤੋਂ 15 ਦਿਨ ਪਹਿਲਾਂ ਅੱਠ ਟਨ ਰੂੜੀ ਦੀ ਖਾਦ ਜਾਂ ਪ੍ਰੈਸ ਮੱਡ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਈ ਗਈ ਹੋਵੇ ਤਾਂ 40 ਕਿਲੋਗ੍ਰਾਮ ਨਾਈਟਰੋਜਨ (90 ਕਿਲੋਗ੍ਰਾਮ ਯੂਰੀਆ) ਪ੍ਰਤੀ ਏਕੜ ਪਾਓ । ਜੇਕਰ ਰੂੜੀ ਦੀ ਖਾਦ ਘੱਟ ਹੋਵੇ ਤਾਂ ਜੈਵਿਕ ਖਾਦਾਂ ਅਜੋਟੋਬੈਕਟਰ / ਕਨਸੋਰਸ਼ੀਅਮ 4 ਕਿਲੋਗ੍ਰਾਮ ਅਤੇ 4 ਟਨ ਰੂੜੀ ਖਾਦ ਪ੍ਰਤੀ ਏਕੜ ਬੀਜੜ ਅਤੇ ਮੂਢੀ ਫਸਲ ਨੂੰ ਪਾਓ । ਜੀਵਾਣੂੰ ਖਾਦ ਦਾ ਇਹ ਟੀਕਾ ਪੀ ਏ ਯੂ ਦੀ ਬੀਜਾਂ ਦੀ ਦੁਕਾਨ, ਗੇਟ ਨੰ. 1, ਵੱਖ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਮਿਲਦਾ ਹੈ ।

**ਰਸਾਇਣਕ ਖਾਦਾਂ ਅਤੇ ਉਹਨਾਂ ਦੇ ਪਾਉਣ ਦਾ ਸਮਾਂ** : ਬੀਜੜ ਫਸਲ ਲਈ 60 ਕਿਲੋਗ੍ਰਾਮ ਨਾਈਟ੍ਰੋਜਨ ਪ੍ਰਤੀ ਏਕੜ (130 ਕਿਲੋਗ੍ਰਾਮ ਯੂਰੀਆ) ਦੀ ਵਰਤੋਂ ਕਰੋ । ਬੀਜੜ ਫਸਲ ਨੂੰ ਨਾਈਟ੍ਰੋਜਨ ਖਾਦ ਦਾ ਅੱਧਾ ਹਿੱਸਾ ਕਮਾਦ ਜੰਮਣ ਤੋਂ ਬਾਅਦ ਪਹਿਲੇ ਪਾਣੀ ਨਾਲ ਲਾਈਨਾਂ ਦੇ ਨਾਲ ਕੇਰਾ ਕਰੋ ਜਾਂ ਡਰਿਲ ਕਰੋ ਅਤੇ ਬਾਕੀ ਅੱਧੀ ਖਾਦ ਇਸੇ ਤਰੀਕੇ ਨਾਲ ਮਈ/ਜੂਨ ਵਿੱਚ ਡਰਿਲ ਕਰ ਦਿਓ । ਫਾਸਫੋਰਸ ਵਾਲੀ ਖਾਦ (ਮਿੱਟੀ ਪਰਖ ਅਨੁਸਾਰ) ਸਿਆੜਾਂ ਵਿਚ ਬਰੋਟਿਆਂ ਦੇ ਹੇਠਾਂ ਪਾਓ । ਲੋਹੇ ਦੀ ਘਾਟ ਆਉਣ ਤੇ 1 ਪ੍ਰਤੀਸ਼ਤ ਲੋਹੇ ਦੇ 2-3 ਛਿੜਕਾਅ ਕਰੋ ।

ਕਮਾਦ ਦੀ ਫਸਲ ਨੂੰ ਤੁਪਕਾ ਸਿੰਚਾਈ ਵਿਧੀ ਨਾਲ ਖਾਦ ਵੀ ਪਾਈ ਜਾ ਸਕਦੀ ਹੈ । ਬੀਜੜ ਕਮਾਦ ਲਈ 104 ਕਿਲੋ ਯੂਰੀਆ ਅਤੇ ਮੂਢੇ ਕਮਾਦ ਲਈ 156 ਕਿਲੋ ਯੂਰੀਆ ਪ੍ਰਤੀ ਏਕੜ 1-0 ਬਰਾਬਰ ਕਿਸ਼ਤਾਂ ਵਿਚ ਤੁਪਕਾ ਸਿੰਚਾਈ ਰਾਹੀਂ ਪਾਓ । ਖਾਦ ਦੀ ਪਹਿਲੀ ਕਿਸ਼ਤ ਅਪ੍ਰੈਲ ਤੋਂ ਸ਼ੁਰੂ ਕਰਕੇ 90-100 ਦਿਨਾਂ ਦੌਰਾਨ ਖਤਮ ਕਰ ਦਿਓ ।

**ਨਦੀਨਾਂ ਦੀ ਰੋਕਥਾਮ** : ਫਸਲ ਦੀ ਬਿਜਾਈ ਹਮੇਸ਼ਾਂ ਵੱਤਰ/ਤਰ-ਵੱਤਰ ਤੇ ਕਰਨੀ ਚਾਹੀਦੀ ਹੈ ਤਾਂ ਜੋ ਬਿਜਾਈ ਅਤੇ ਪਹਿਲੇ ਪਾਣੀ ਵਿਚਕਾਰ ਸਮਾਂ ਵਧਾਇਆ ਜਾ ਸਕੇ । ਜੋ ਕਿ ਪਹਿਲੇ ਪਾਣੀ ਤੋਂ ਬਾਅਦ ਉੱਗਣ ਵਾਲੇ ਨਦੀਨਾਂ ਦੀ ਭਰਮਾਰ ਨੂੰ ਘਟਾਉਣ ਵਿਚ ਸਹਾਈ ਹੁੰਦੀ ਹੈ । ਨਦੀਨਾਂ ਦੀ ਰੋਕਥਾਮ ਲਈ ਟਰੈਕਟਰ ਨਾਲ ਚੱਲਣ ਵਾਲੇ ਤ੍ਰਿਫਾਲੀ ਜਾਂ ਰੋਟਰੀ ਵੀਡਰ ਨਾਲ 2-3 ਗੋਡੀਆਂ ਕਰੋ । ਇਸ ਦੇ ਨਾਲ ਹੀ ਖੇਤੀ ਰਸਾਇਣਾਂ ਦੀ ਵਰਤੋਂ ਕਰਕੇ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਬਿਜਾਈ ਤੋਂ 2-3 ਦਿਨਾਂ ਅੰਦਰ ਪ੍ਰਤੀ ਏਕੜ 800 ਗ੍ਰਾਮ ਐਟਰਾਟਾਫ / ਸੋਲਾਰੋ / ਮਾਸਟਾਫ / ਮਾਰਕਾਜੀਨ 50 ਡਬਲਯੂ ਪੀ (ਐਟਰਾਜ਼ੀਨ) ਜਾਂ ਸੈਨਕੋਰ 70 ਡਬਲਯੂ ਪੀ (ਮੈਟਰੀਬਿਊਜ਼ਿਨ) ਜਾਂ ਕਾਰਮੈਕਸ / ਕਲਾਸ 80 ਡਬਲਯੂ ਪੀ ਡਾਈਯੂਰੋਨ ਨੂੰ ਜਾਂ 1000 ਗ੍ਰਾਮ ਅਥਾਰਟੀ ਅੇਨ ਐਕਸ ਟੀ 58 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਮੌਸਮੀ ਨਦੀਨਾਂ ਦੀ ਰੋਕਥਾਮ ਹੋ ਜਾਂਦੀ ਹੈ । ਜਿਹਨਾਂ ਜ਼ਮੀਨਾਂ ਵਿਚ ਸਖਤ ਨਦੀਨ ਜਿਵੇਂ ਕਿ ਬਾਂਸ ਪੱਤੇ ਦੀ ਭਰਮਾਰ ਹੋਵੇ ਉਸ ਦੀ ਰੋਕਥਾਮ ਲਈ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ/ਕਲਾਸ 80 ਡਬਲਯੂ ਪੀ ਹੀ ਵਰਤੋਂ । ਡੀਲੇ ਦੀ



ਰੋਕਥਾਮ ਲਈ ਖੜ੍ਹੀ ਫਸਲ ਵਿਚ 800 ਗ੍ਰਾਮ ਪ੍ਰਤੀ ਏਕੜ 2, 4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਨਦੀਨਾਂ ਦੀ ਰੋਕਥਾਮ ਲਈ ਇਹਨਾਂ ਦੀ 3-5 ਪੱਤਿਆਂ ਦੀ ਅਵਸਥਾ ਤੇ ਪ੍ਰਤੀ ਏਕੜ 2, 4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਜਾਂ 400 ਮਿਲੀਲਿਟਰ 2, 4-ਡੀ ਅਮਾਈਨ ਸਾਲਟ-58 ਐਸ. ਐਲ ਦਾ ਛਿੜਕਾਅ ਕਰੋ ।

**ਮਲਚਿੰਗ ਨਾਲ ਨਮੀਂ ਦੀ ਸੰਭਾਲ** : ਅੱਧ ਅਪ੍ਰੈਲ ਮਹੀਨੇ ਦੌਰਾਨ ਜਦੋਂ ਕਮਾਦ ਪੂਰੀ ਤਰ੍ਹਾਂ ਉੱਗ ਜਾਵੇ ਤਾਂ ਕਮਾਦ ਦੀਆਂ ਲਾਈਨਾਂ ਵਿਚਕਾਰ ਝੋਨੇ ਦੀ ਪਰਾਲੀ, ਫੱਕ, ਕਮਾਦ ਦੀ ਖੋਰੀ ਜਾਂ ਦਰੱਖਤਾਂ ਦੇ ਪੱਤੇ 20-25 ਕੁਇੰਟਲ ਪ੍ਰਤੀ ਏਕੜ ਦੀ ਤਹਿ ਵਿਛਾ ਦਿਓ । ਜਿਹੜੀਆਂ ਜ਼ਮੀਨਾਂ ਵਿਚ ਪਾਣੀ ਦੀ ਸਹੂਲਤ ਘੱਟ ਹੋਵੇ ਉੱਥੇ ਇਸ ਤਰ੍ਹਾਂ ਨਾਲ ਕਮਾਦ ਦੀ ਉਪਜ ਵਿੱਚ ਵੀ ਵਾਧਾ ਹੁੰਦਾ ਹੈ ।

**ਸਿੰਚਾਈ ਅਤੇ ਜਲ ਨਿਕਾਸ** : ਅਪ੍ਰੈਲ ਤੋਂ ਜੂਨ ਮਹੀਨਿਆਂ ਦੌਰਾਨ ਗਰਮ ਅਤੇ ਖੁਸ਼ਕ ਮੌਸਮ ਹੋਣ ਕਰਕੇ ਕਮਾਦ ਦੀ ਫਸਲ ਦੀ ਸਿੰਚਾਈ 7-12 ਦਿਨਾਂ ਦੇ ਵਕਫੇ ਤੇ ਕਰਕੇ ਰਹੋ । ਜੇਕਰ ਬਰਸਾਤਾਂ ਦੌਰਾਨ ਫਸਲ ਵਿੱਚ ਪਾਣੀ ਖੜ੍ਹਾ ਹੋ ਜਾਵੇ ਉਸ ਦਾ ਨਿਕਾਸ ਕਰ ਦਿਓ । ਸਰਦੀਆਂ ਵਿਚ (ਨਵੰਬਰ-ਜਨਵਰੀ) ਦੌਰਾਨ ਕਮਾਦ ਨੂੰ ਪਾਣੀ ਇੱਕ ਮਹੀਨੇ ਦੇ ਵਕਫੇ ਤੇ ਲਗਾਓ ।

ਪਾਣੀ ਦੀ ਬੱਚਤ ਤੁਪਕਾ ਸਿੰਚਾਈ ਵਿਧੀ ਨਾਲ ਵੀ ਕੀਤੀ ਜਾ ਸਕਦੀ ਹੈ ਜਿਸ ਦੇ ਨਾਲ ਖਾਦਾਂ ਦੀ ਸੁਚੱਜੀ ਵਰਤੋਂ ਅਤੇ ਨਦੀਨਾਂ ਦੀ ਭਰਮਾਰ ਨੂੰ ਵੀ ਠੱਲ ਪਾਉਣ ਵਿਚ ਵੀ ਸਹਾਈ ਹੁੰਦੀ ਹੈ । ਦੋਹਰੀ ਕਤਾਰੀ ਵਿਧੀ (120:30 ਸੈਂਟੀਮੀਟਰ) ਰਾਹੀਂ ਬੀਜੇ ਕਮਾਦ ਦੀਆਂ 150 ਸੈਂਟੀਮੀਟਰ ਦੀ ਦੂਰੀ ਤੇ ਜ਼ਮੀਨਦੋਜ਼ 20 ਸੈਂਟੀਮੀਟਰ ਦੀ ਡੂੰਘਾਈ ਤੇ ਦਬਾਈਆਂ ਪਾਈਪਾਂ ਰਾਹੀਂ ਹਰੇਕ ਤੀਸਰੇ ਦਿਨ ਸਿੰਚਾਈ ਕਰੋ । ਜੇਕਰ ਤੁਪਕਾ ਸਿੰਚਾਈ ਦਾ ਵਹਾਅ 2.2 ਲਿਟਰ ਪ੍ਰਤੀ ਘੰਟਾ ਹੋਵੇ ਤਾਂ ਅਪ੍ਰੈਲ ਤੋਂ ਜੂਨ ਮਹੀਨੇ ਤੱਕ 120 ਮਿੰਟ, ਜੁਲਾਈ ਤੋਂ ਅਗਸਤ 100 ਮਿੰਟ, ਸਤੰਬਰ ਅਕਤੂਬਰ 80 ਮਿੰਟ ਅਤੇ ਨਵੰਬਰ ਤੋਂ ਦਸੰਬਰ ਤੱਕ 60 ਮਿੰਟ ਲਈ ਸਿੰਚਾਈ ਕਰੋ ।

ਫਸਲ ਨੂੰ ਡਿੱਗਣ ਤੋਂ ਬਚਾਉਣ ਲਈ ਫਸਲ ਦੀ ਬਿਜਾਈ ਹਮੇਸ਼ਾਂ ਡੂੰਘੀਆਂ ਖਾਲੀਆਂ ਵਿੱਚ ਹੀ ਕਰੋ ਅਤੇ ਮੌਨਸੂਨ ਤੋਂ ਪਹਿਲਾਂ, ਜੂਨ ਦੇ ਅੰਤ ਵਿੱਚ ਹੀ ਮਿੱਟੀ ਚੜ੍ਹਾ ਦਿਓ । ਅਗਸਤ ਦੇ ਅੰਤ ਜਾਂ ਸਤੰਬਰ ਦੇ ਸ਼ੁਰੂ 'ਚ ਫਸਲ ਦੇ ਮੂੰਏ ਬੰਨ੍ਹੋ । ਮੂੰਏ ਬਨ੍ਹਦੇ ਹੋਏ ਧਿਆਨ ਦੇਣ ਯੋਗ ਹੈ ਕਿ, ਦੋ ਕਤਾਰਾਂ ਦੇ ਇਕੱਠੇ ਮੂੰਏ ਬੰਨ੍ਹਣ ਨਾਲ ਵਾਧੇ ਵਿੱਚ ਰੁਕਾਵਟ ਪੈਂਦੀ ਹੈ ।

**ਮੂਢੀ ਫਸਲ** : ਚੰਗੀ ਮੂਢੀ ਫਸਲ ਲਈ ਕਟਾਈ ਜ਼ਮੀਨ ਦੇ ਨੇੜਿਓਂ ਕਰੋ, ਤਾਂ ਕਿ ਪੁੰਗਾਰਾ ਵੱਧ ਹੋਵੇ ਜਾਂ ਥਾਂ ਖਾਲੀ ਰਹਿ ਜਾਵੇ ਤਾਂ ਮਾਰਚ ਦੇ ਸ਼ੁਰੂ ਵਿੱਚ ਤਿੰਨ ਅੱਖਾਂ ਵਾਲੇ ਬਰੋਟੇ ਵਿਚ ਲਗਾ ਦਿਓ । ਮੂਢੀ ਫਸਲ ਨੂੰ ਖਾਦ ਦੀ ਡੇਢ ਗੁਣਾਂ ਵੱਧ ਲੋੜ ਪੈਂਦੀ ਹੈ । ਇਸ ਕਰਕੇ ਮੂਢੀ ਫਸਲ ਨੂੰ 90 ਕਿਲੋ ਨਾਈਟ੍ਰੋਜਨ (195 ਕਿਲੋ ਯੂਰੀਆ), ਤਿੰਨ ਬਰਾਬਰ ਹਿੱਸਿਆਂ ਵਿਚ ਕਰਕੇ ਪਾਓ । 65 ਕਿਲੋ ਯੂਰੀਆ ਫਰਵਰੀ ਵਿਚ ਪਹਿਲੀ ਗੋਡੀ ਨਾਲ, 65 ਕਿਲੋ ਅਪ੍ਰੈਲ ਤੇ ਬਾਕੀ 65 ਕਿਲੋ ਜੂਨ ਦੇ ਸ਼ੁਰੂ ਵਿਚ ਪਾਓ । ਟਰੈਕਟਰ ਦੇ ਟਿੱਲਰ ਜਾਂ ਰੋਟਰੀ ਵੀਡਰ ਨਾਲ ਗੋਡੀ ਕਰਕੇ ਫਸਲ ਨੂੰ ਨਦੀਨਾਂ ਤੋਂ ਸਾਫ ਰੱਖੋ ਜਾਂ ਨਦੀਨ ਨਾਸ਼ਕ ਦਵਾਈਆਂ ਦੀ ਵਰਤੋਂ ਕਰੋ । ਮੂਢੀ ਫਸਲ ਤੇ ਅਗੇਤੀ ਫੋਟ ਦੇ ਗੜੂੰਏਂ ਅਤੇ ਕਾਲੇ ਖਟਮਲ ਦਾ ਹਮਲਾ ਵਧੇਰੇ ਹੁੰਦਾ ਹੈ । ਇਸ ਦੀ ਰੋਕਥਾਮ ਸਮੇਂ ਸਿਰ ਸਿਫਾਰਿਸ਼ ਅਨੁਸਾਰ ਕਰੋ ।

# ਜ਼ਮਾਨਾ ਹੈ ਬਾਲਕੋਨੀ-ਵਿੰਡੋ ਬਾਗਬਾਨੀ ਦਾ

ਵਿੰਡੋ ਅਤੇ ਬਾਲਕੋਨੀ ਵਿਚ ਗਮਲਿਆਂ ਜ਼ਰੀਏ ਨਾ ਸਿਰਫ ਮੌਸਮੀ ਸਬਜ਼ੀਆ ਹੀ ਸਗੋਂ ਸਦਾਬਹਾਰ ਫੁੱਲਾਂ ਵਾਲੀਆਂ ਵੇਲਾਂ ਅਤੇ ਦਵਾਈ ਵਾਲੀਆਂ ਜੜ੍ਹੀਆਂ ਬੂਟੀਆਂ ਵੀ ਆਰਾਮ ਨਾਲ ਲਗਾਈਆਂ ਅਤੇ ਉਗਾਈਆਂ ਜਾ ਸਕਦੀਆਂ ਹਨ। ਇਸ ਲਈ ਖਿੜਕੀਆਂ ਅਤੇ ਬਾਲਕੋਨੀ ਦੀ ਥਾਂ 'ਤੇ ਪੱਕੀ ਮਿੱਟੀ ਦੇ ਗਮਲੇ, ਬੈਰਲ ਅਤੇ ਟੱਬ ਸੌਖਿਆਂ ਹੀ ਰੱਖੇ ਜਾ ਸਕਦੇ ਹਨ। ਇਨ੍ਹਾਂ ਵਿਚ ਮੇਥੀ, ਧਨੀਆ, ਲਸਣ, ਟਮਾਟਰ,



ਬੈਂਗਣ, ਮਿਰਚ ਅਤੇ ਅਜਵਾਈਣ ਵਰਗੀਆਂ ਸਬਜ਼ੀਆਂ ਅਤੇ ਮਸਾਲੇ ਉਗਾ ਸਕਦੇ ਹਾਂ। ਥੋੜ੍ਹੇ ਜਿਹੇ ਛੋਟੇ ਕੰਟੇਨਰਾਂ ਦੀ ਵਰਤੋਂ ਕਰਦੇ ਹੋਏ ਮਹੱਤਵਪੂਰਨ ਪੱਤੇਦਾਰ ਸਲਾਦ ਜਿਵੇਂ-ਲੇਟਸ ਆਦਿ ਨੂੰ ਵੀ ਉਗਾਇਆ ਜਾ ਸਕਦਾ ਹੈ। ਵੇਲਦਾਰ ਸਬਜ਼ੀਆਂ ਲਈ ਸੀਮਿੰਟ ਜਾਂ ਪਲਾਸਟਿਕ ਦੇ ਵੱਡੇ ਕੰਟੇਨਰ ਜਾਂ ਲੱਕੜੀ ਦੇ ਬੈਰਲ, ਬਾਕਸ ਜਾਂ ਪਲਾਸਟਿਕ ਦੇ ਗਰੋ ਬੈਗ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਨ੍ਹਾਂ ਕੰਟੇਨਰਾਂ ਵਿਚ ਘੱਟ ਤੋਂ ਘੱਟ ਇਕ ਜਾਂ ਦੋ ਸੁਰਾਖ ਹੋਣੇ ਚਾਹੀਦੇ ਹਨ, ਜਿਨ੍ਹਾਂ ਨਾਲ ਕਿ ਇਨ੍ਹਾਂ ਵਿਚ ਪਾਇਆ ਗਿਆ ਗੈਰ ਜ਼ਰੂਰੀ ਪਾਣੀ ਬਾਹਰ ਨਿਕਲ ਸਕੇ ਅਤੇ ਇਨ੍ਹਾਂ ਜ਼ਰੀਏ ਬੂਟਾ ਸਾਹ ਵੀਲੇ ਸਕੇ।

ਇਨ੍ਹਾਂ ਕੰਟੇਨਰਾਂ ਨੂੰ ਬਾਲਕੋਨੀ ਜਾਂ ਖਿੜਕੀ ਦੀ ਉਸ ਥਾਂ 'ਤੇ ਰੱਖਿਆ ਜਾ ਸਕਦਾ ਹੈ, ਜਿੱਥੇ ਧੁੱਪ ਆਉਂਦੀ ਹੈ। ਜੇਕਰ ਤੁਹਾਡੇ ਕੋਲ ਕੋਈ ਇਸ ਤਰ੍ਹਾਂ ਦੀ ਥਾਂ ਹੈ, ਜਿਥੇ ਧੁੱਪ ਨਹੀਂ ਆਉਂਦੀ, ਤਾਂ ਉਥੇ ਟਿਊਬਲਾਈਟ ਦੀ ਰੋਸ਼ਨੀ ਦੀ ਧੁੱਪ ਦੀ ਤਰ੍ਹਾਂ ਵਰਤੋਂ ਕੀਤੀ ਜਾ ਸਕਦੀ ਹੈ। ਜੇਕਰ ਫਲੀਆਂ ਦੇ ਵੇਲਦਾਰ ਬੂਟਿਆਂ ਨੂੰ ਉਗਾਉਣਾ ਹੈ ਤਾਂ ਇਸ ਲਈ ਗਮਲੇ ਵਿਚ ਕੁਝ ਬਾਂਸ ਦੀਆਂ ਸੋਟੀਆਂ ਲਗਾਉਣੀਆਂ ਚਾਹੀਦੀਆਂ ਹਨ, ਤਾਂ ਕਿ ਉਹ ਵੇਲ ਨੂੰ ਸਹਾਰਾ ਦੇ ਸਕਣ। ਸਾਧਾਰਨ ਅਤੇ ਛੋਟੇ ਗਮਲਿਆਂ ਵਿਚ ਹਰ ਉਹ ਸਬਜ਼ੀ ਉਗਾਈ ਜਾ ਸਕਦੀ ਹੈ, ਜਿਸ ਦੀ ਸਬਜ਼ੀ ਬਾਜ਼ਾਰ ਵਿਚ ਸਰਦੀਆਂ ਵਿਚ ਦੇਖਣ ਨੂੰ ਮਿਲਦੀ ਹੈ। ਉੱਗਣਾ ਜਾਂ ਉਨ੍ਹਾਂ ਦਾ ਫੁੱਲਣਾ-ਫਲਣਾ ਨਿਰਭਰ ਰਹਿੰਦਾ ਹੈ।

ਚੰਗੀ ਮਿੱਟੀ ਦੇ ਗੁਣ ਇਹ ਹਨ ਕਿ ਉਹ ਭੁਰਪੁਰੀ ਹੋਵੇ, ਉਸ ਵਿਚ ਮੋਟੀ ਰੇਤ ਅਤੇ ਗੋਹੇ ਦੀ ਖਾਦ ਬਰਾਬਰ ਮਾਤਰਾ ਵਿਚ ਹੋਵੇ, ਕੰਟੇਨਰਾਂ ਦੇ ਤਲੇ ਹੇਠ ਪੱਥਰ ਦੇ ਟੁਕੜੇ ਅਤੇ ਬਜਰੀ ਦੀ ਤਹਿ ਬਿਛਾਈ ਗਈ ਹੋਵੇ ਤਾਂ ਕਿ ਬੂਟੇ ਨੂੰ ਜ਼ਰੂਰੀ ਸਾਹ ਮਿਲਦਾ ਰਹੇ ਅਤੇ ਗਮਲੇ ਦਾ ਗੈਰ ਜ਼ਰੂਰੀ ਪਾਣੀ ਵੀ ਬਾਹਰ ਨਿਕਲ ਸਕੇ ਅਤੇ ਹਾਂ, ਕੋਈ ਵੀ ਗਮਲਾ ਬਿਲਕੁਲ ਉੱਪਰ ਤੱਕ ਮਿੱਟੀ ਨਾਲ ਭਰਿਆ ਨਹੀਂ ਹੋਣਾ ਚਾਹੀਦਾ, ਉਹ ਘੱਟ ਤੋਂ ਘੱਟ ਇਕ ਉਂਗਲ ਖਾਲੀ ਹੋਣਾ ਚਾਹੀਦਾ, ਤਾਂ ਕਿ ਜਦੋਂ ਪਾਣੀ ਪਾਈਏ ਤਾਂ ਗਮਲੇ ਵਿਚ ਚੰਗੇ ਢੰਗ ਨਾਲ ਪਾਣੀ ਪਾਇਆ ਪਾ ਸਕੇ। ਯਾਦ ਰੱਖੋ ਕੰਟੇਨਰਾਂ ਵਿਚ ਲੱਗੇ ਬੂਟੇ ਨੂੰ ਜ਼ਮੀਨ ਦੇ ਮੁਕਾਬਲੇ ਜ਼ਿਆਦਾ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਨੂੰ ਜ਼ਿਆਦਾ ਪਾਣੀ ਦੇਣਾ ਪੈਂਦਾ ਹੈ। ਬਰਸਾਤ ਦੇ ਦਿਨਾਂ ਵਿਚ ਵਾਰ-ਵਾਰ ਇਨ੍ਹਾਂ ਵਿਚ ਭਰਿਆ ਵਾਧੂ ਪਾਣੀ ਕੱਢਣਾ ਪੈਂਦਾ ਹੈ ਅਤੇ ਧੁੱਪ ਨਾ ਮਿਲ ਰਹੀ ਹੋਵੇ ਤਾਂ ਇਨ੍ਹਾਂ ਨੂੰ ਥਾਂ ਬਦਲ ਕੇ ਧੁੱਪ ਦਿਖਾਉਣੀ ਹੁੰਦੀ ਹੈ।

ਗਮਲਿਆਂ ਵਿਚ ਬੂਟੇ ਲਗਾਉਂਦੇ ਸਮੇਂ ਜਾਂ ਬੂਟੇ ਦਾ ਬੀਜ ਮਿੱਟੀ ਵਿਚ ਦਬਾਉਂਦੇ ਸਮੇਂ ਉੱਪਰ 5 ਤੋਂ 10 ਗ੍ਰਾਮ ਯੂਰੀਆ ਦੀ ਤਹਿ ਹੋਣੀ ਚਾਹੀਦੀ ਹੈ। ਬੀਜਣ ਤੋਂ ਤਿੰਨ ਹਫਤਿਆਂ ਬਾਅਦ ਜਾਂ ਬੀਜਣ ਤੋਂ ਦੋ ਹਫਤਿਆਂ ਬਾਅਦ ਫਿਰ ਤੋਂ ਯੂਰੀਆ ਦੇਣੀ ਚਾਹੀਦੀ ਹੈ ਅਤੇ ਹਰ ਹਫਤੇ ਇਕ ਵਾਰ ਖਾਦ ਦਾ ਛਿੜਕਾਅ ਜ਼ਰੂਰੀ ਹੁੰਦਾ ਹੈ, ਤਾਂ ਹੀ ਮਿੱਟੀ ਵਿਚ ਲਗਾਤਾਰ ਤਾਕਤ ਰਹਿੰਦੀ ਹੈ ਅਤੇ ਗਮਲੇ ਵਿਚ ਲੱਗਿਆ ਬੂਟਾ ਸਿਹਤਮੰਦ, ਹਰਾ ਅਤੇ ਫਲਦਾ-ਫੁੱਲਦਾ ਰਹਿੰਦਾ ਹੈ। ਇਨ੍ਹਾਂ ਬੂਟਿਆਂ ਨੂੰ ਵੀ ਕੀੜੇ ਲੱਗ ਜਾਂਦੇ ਹਨ, ਇਸ ਲਈ ਜੇਕਰ ਰਸਾਇਣਕ ਕੀਟਨਾਸ਼ਕ ਦੀ ਵਰਤੋਂ ਨਾ ਵੀ ਕਰਨੀ ਹੋਵੇ ਤਾਂ ਵੀ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਤਾਂ ਕਰਨੀ ਹੀ ਪਵੇਗੀ। ਇਸ ਲਈ ਥੋੜ੍ਹੀ ਜਾਣਕਾਰੀ ਹਾਸਿਲ ਕਰ ਕੇ ਇਸ ਨੂੰ ਘਰ ਵਿਚ ਵੀ ਬਣਾਇਆ ਜਾ ਸਕਦਾ ਹੈ ਅਤੇ ਬਾਜ਼ਾਰ ਤੋਂ ਵੀ ਸੌਖਿਆਂ ਹਾਸਿਲ ਕੀਤੀ ਜਾ ਸਕਦੀ ਹੈ।

ਫਿਲਹਾਲ ਜੇਕਰ ਤੁਸੀਂ ਬਾਗਬਾਨੀ ਦਾ ਸ਼ੌਕ ਰੱਖਦੇ ਹੋ ਅਤੇ ਤੁਹਾਡੇ ਘਰ ਵਿਚ ਬਾਗਬਾਨੀ ਲਈ ਨਾ ਤਾਂ ਜ਼ਮੀਨ ਹੈ ਅਤੇ ਨਾ ਹੀ ਤੁਹਾਡੀ ਆਪਣੀ ਛੱਤ ਹੈ ਤਾਂ ਵੀ ਬਾਲਕੋਨੀ ਅਤੇ ਖਿੜਕੀ ਵਾਲੀ ਥਾਂ ਦੀ ਵਰਤੋਂ ਕਰਦੇ ਹੋਏ ਤੁਸੀਂ ਆਪਣੀ ਬਾਗਬਾਨੀ ਦਾ ਸ਼ੌਕ ਪੂਰਾ ਕਰ ਸਕਦੇ ਹੋ ਅਤੇ ਘਰ ਲਈ ਉਪਯੋਗੀ ਦਵਾਈ ਵਾਲੀਆਂ ਜੜ੍ਹੀਆਂ ਬੂਟੀਆਂ ਅਤੇ ਸਬਜ਼ੀਆਂ ਵੀ ਉਗਾ ਸਕਦੇ ਹੋ। ਜੇਕਰ ਤੁਹਾਡੇ ਕੋਲ 8×10 ਜਾਂ 12×14 ਫੁੱਟ ਦੀ ਬਾਲਕੋਨੀ ਹੈ। ਉਦੋਂ ਤਾਂ ਤੁਸੀਂ ਭਰਪੂਰ ਬਾਗਬਾਨੀ ਦਾ ਉਸ ਤਰ੍ਹਾਂ ਦਾ ਸ਼ੌਕ ਪੂਰਾ ਕਰ ਸਕਦੇ ਹੋ ਜਿਵੇਂ ਛੱਤ 'ਤੇ ਬਗੀਚੀ ਦਾ ਅਨੰਦ ਮਾਣਦੇ ਹੋ।

**ਅਨੂ ਆਰ.**

# ਬੈਕਯਾਰਡ ਪ੍ਰਣਾਲੀ ਵਿੱਚ ਪੰਛੀਆਂ ਤੋਂ ਵਧੇਰੇ ਅੰਡੇ ਉਤਪਾਦਨ ਲਈ ਨੁਕਤੇ

**ਸਤਬੀਰ ਸਿੰਘ ਅਤੇ ਅਪਰਨਾ, ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ**

**1. ਸਹੀ ਉਮਰ** : ਉਮਰ ਵਧਣ ਨਾਲ ਪੰਛੀਆਂ ਦੀ ਉਤਪਾਦਨ ਸਮਰਥਾ ਘਟਦੀ ਜਾਂਦੀ ਹੈ। ਪਹਿਲੇ ਅਤੇ ਦੂਜੇ ਸਾਲ ਵਿਚ ਮੁਰਗੀਆਂ ਦਾ ਅੰਡਾ ਉਤਪਾਦਨ ਸਭ ਨਾਲੋਂ ਵੱਧ ਹੁੰਦਾ ਹੈ ਅਤੇ ਤੀਜੇ ਸਾਲ ਪੰਛੀਆਂ ਦਾ ਉਤਪਾਦਨ ਕਾਫੀ ਘੱਟ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਹਰ ਸਾਲ ਨਵੇਂ ਪੰਛੀ ਫਲੌਕ ਵਿਚ ਪਾਏ ਜਾਣ ਤਾਂ ਜੋ ਲਗਾਤਾਰ ਅੰਡਿਆਂ ਦਾ ਉਤਪਾਦਨ ਹੁੰਦਾ ਰਹੇ।

**2. ਸਹੀ ਨਸਲ ਦੀ ਚੋਣ** : ਚੋਣ ਕਰਨ ਵੇਲੇ ਵਧੇਰੇ ਅੰਡੇ ਦੇਣ ਵਾਲੀਆਂ ਨਸਲਾਂ ਨੂੰ ਤਰਜੀਹ ਦਿਓ। ਬੈਕਯਾਰਡ ਸਿਸਟਮ ਲਈ ਵੀ ਕੁੱਝ ਨਸਲਾਂ ਅਜਿਹੀਆਂ ਹਨ ਜੋ ਕਿ ਪ੍ਰਤੀ ਸਾਲ 150-200 ਦੇ ਕਰੀਬ ਅੰਡੇ ਦੇ ਸਕਦੀਆਂ ਹਨ ਜਿਵੇਂ ਕਿ ਆਰ ਆਈ ਆਰ ਅਤੇ ਚਾਬਰੋ। ਪੰਛੀ ਕਿਸੇ ਵਧੀਆ ਹੈਚਰੀ ਜਾਂ ਗੜਵਾਸੂ ਲੁਧਿਆਣਾ, ਸੀ. ਪੀ. ਡੀ. ਓ. ਚੰਡੀਗੜ੍ਹ ਤੋਂ ਹੀ ਖਰੀਦੋ।


**3. ਤਣਾਅ ਘਟਾਉਣਾ** : ਤਣਾਅ ਵਿਚ ਰਹਿਣ ਵਾਲੇ ਪੰਛੀ ਆਪਣੀ ਸਰੀਰਕ ਉਰਜਾ ਦਾ ਇੱਕ ਵੱਡਾ ਹਿੱਸਾ ਉਸ ਵਿੱਚੋਂ ਨਿਕਲਣ ਲਈ ਵਰਤ ਲੈਂਦੇ ਹਨ ਅਤੇ ਫਲਸਰੂਪ ਅਜਿਹੇ ਪੰਛੀ ਪੂਰਾ ਉਤਪਾਦਨ ਨਹੀਂ ਦੇ ਸਕਦੇ। ਇਹ ਸੁਨਿਸ਼ਚਿਤ ਕਰੋ ਕਿ ਪੰਛੀ ਆਪਣੇ ਵਾੜੇ ਵਿਚ ਸੁਰੱਖਿਅਤ



ਅਤੇ ਆਜ਼ਾਦ ਮਹਿਸੂਸ ਕਰਨ। ਬਿੱਲੀਆਂ ਅਤੇ ਕੁੱਤਿਆਂ ਨੂੰ ਦੂਰ ਰੱਖੋ। ਆਮ ਤੌਰ 'ਤੇ, ਜੇਕਰ ਪੰਛੀਆਂ ਦਾ ਖੁਰਾਕ ਆਦਿ ਦਾ ਇੱਕ ਨਿਯਮਿਤ ਰੁਟੀਨ ਹੋਵੇ ਤਾਂ ਉਹ ਵੀ ਅਰਾਮਦੇਹ ਮਹਿਸੂਸ ਕਰਦੇ ਹਨ।

**4. ਸਾਫ ਪਾਣੀ ਦੇਣਾ** : ਪੰਛੀਆਂ ਦੇ ਸਰੀਰ ਵਿਚ 70% ਪਾਣੀ ਹੁੰਦਾ ਹੈ। ਉਹਨਾਂ ਨੂੰ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਹਰ ਰੋਜ਼ ਸਾਫ, ਤਾਜ਼ੇ ਪਾਣੀ ਦੀ ਲੋੜ ਹੁੰਦੀ ਹੈ। ਮੁਰਗੀਆਂ ਖੁਰਾਕ ਦੀ ਕਮੀ ਨਾਲੋਂ ਪਾਣੀ ਦੀ ਕਮੀ ਨਾਲ ਵਧੇਰੇ ਤਣਾਅ ਵਿਚ ਆ ਜਾਂਦੀਆਂ ਹਨ। ਜੇਕਰ ਮੁਰਗੀਆਂ ਡੀਹਾਈਡ੍ਰੇਟ ਹੋ ਜਾਂਦੀਆਂ ਹਨ ਤਾਂ ਉਹ ਅੰਡੇ ਨਹੀਂ ਦਿੰਦੀਆਂ।

**5. ਕੁਆਲਿਟੀ ਫੀਡ** : ਪੂਰੇ ਉਤਪਾਦਨ ਨਹੀ ਚੰਗੀ-ਗੁਣਵੱਤਾ ਵਾਲੀ ਖੁਰਾਕ ਦੇਣ ਦੀ ਲੋੜ ਹੈ। ਜੇਕਰ ਖੁਰਾਕ ਵਿਚ ਪ੍ਰੋਟੀਨ, ਉਰਜਾ ਆਦਿ ਦੀ ਕਮੀ ਹੋਵੇ ਤਾਂ ਪੂਰਾ ਉਤਪਾਦਨ ਨਹੀਂ ਲਿਆ ਜਾ ਸਕਦਾ। ਮੁਰਗੀਆਂ ਆਪਣੇ ਸਰੀਰ ਵਿਚ ਇਹਨਾਂ ਵਿੱਚੋਂ ਕੁੱਝ ਅਮੀਨੋ ਐਸਿਡ ਬਣਾ ਸਕਦੇ ਹਨ ਪਰ ਬਾਕੀਆਂ ਦੀ ਜ਼ਰੂਰਤ ਪੂਰੀ ਕਰਨ ਲਈ ਪ੍ਰੋਟੀਨ



ਭਰਪੂਰ ਖੁਰਾਕ ਦੇਣੀ ਜ਼ਰੂਰੀ ਹੈ। ਇਕੱਲੇ ਅਨਾਜ ਦਾ ਦਲੀਆ ਜਾਂ ਘਰੇਲੂ ਬੱਚ ਖੁੱਚ ਦੇਣ ਨਾਲ ਪੂਰਾ ਉਤਪਾਦਨ ਨਹੀਂ ਲਿਆ ਜਾ ਸਕਦਾ। ਅੰਡਾ ਉਤਪਾਦਨ ਕਰ ਰਹੇ ਪੰਛੀਆਂ ਨੂੰ ਲੇਅਰ ਫੀਡ ਦੇਣਾ ਜ਼ਰੂਰੀ ਹੈ।

**6. ਕੈਲਸ਼ੀਅਮ ਅਤੇ ਵਿਟਾਮਿਨ ਡੀ** : ਅੰਡੇ ਦਾ ਖੋਲ ਮੁੱਖ ਤੌਰ 'ਤੇ ਕੈਲਸ਼ੀਅਮ ਕਾਰਬੋਨੇਟ ਦਾ ਬਣਿਆ ਹੁੰਦਾ ਹੈ। ਇੱਕ ਮੁਰਗੀ ਜਿਸ ਵਿਚ ਕੈਲਸ਼ੀਅਮ ਦੀ ਘਾਟ ਹੁੰਦੀ ਹੈ, ਉਹ ਨਰਮ ਖੋਲ ਵਾਲੇ ਜਾਂ ਖੋਲ ਰਹਿਤ ਅੰਡੇ ਦਿੰਦੀ ਹੈ। ਕੈਲਸ਼ੀਅਮ ਨੂੰ ਸਹੀ ਤਰੀਕੇ ਨਾਲ ਜਜ਼ਬ ਕਰਵਾਉਣ ਲਈ ਵਿਟਾਮਿਨ ਡੀ ਦੀ ਜ਼ਰੂਰਤ ਹੁੰਦੀ ਹੈ। ਵਿਟਾਮਿਨ ਡੀ ਦੀ ਘਾਟ ਨਾਲ ਕੈਲਸ਼ੀਅਮ ਦੀ ਘਾਟ ਆ ਜਾਂਦੀ ਹੈ ਅਤੇ ਅੰਡਿਆਂ ਦਾ ਉਤਪਾਦਨ ਘੱਟ ਜਾਂਦਾ ਹੈ। ਕੈਲਸ਼ੀਅਮ ਦੀ ਜ਼ਰੂਰਤ ਪੂਰੀ ਕਰਨ ਲਈ ਖੁਰਾਕ ਵਿਚ ਚੂਨਾ ਪੱਥਰੀ ਰਲਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

**7. ਖੁੱਲਾ ਰਿਹਾਇਸ਼ੀ ਪ੍ਰਬੰਧ** : ਮੁਰਗੀਆਂ ਭੀੜ ਵਿਚ ਰਹਿਣਾ ਪਸੰਦ ਨਹੀਂ ਕਰਦੀਆਂ ਅਤੇ ਤਣਾਅ ਵਿਚ ਆ ਜਾਂਦੀਆਂ ਹਨ। ਭੀੜ ਦੇ ਤਣਾਅ ਕਾਰਨ ਪੰਛੀਆਂ ਨੂੰ ਸਿਹਤ ਅਤੇ ਵਿਵਹਾਰ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ ਅਤੇ ਇੱਕ ਦੂਜੇ ਨੂੰ ਚੁੰਝਾਂ ਮਾਰਨਾ ਖੰਭ ਤੋੜਨਾ, ਅੰਡੇ ਖਾਣਾ ਆਦਿ ਵਿਕਾਰ ਆ ਸਕਦੇ ਹਨ।

**8. ਰੋਸ਼ਨੀ ਦਾ ਪ੍ਰਬੰਧ** : ਅੰਡਾ ਉਤਪਾਦਨ ਲਈ ਮੁਰਗੀਆਂ ਨੂੰ 14 ਘੰਟੇ ਦੀ ਦਿਨ ਦੀ ਰੋਸ਼ਨੀ ਚਾਹੀਦੀ ਹੁੰਦੀ ਹੈ। ਸਰਦੀਆਂ ਵਿਚ ਰੋਸ਼ਨੀ ਦਾ ਅੰਤਰਾਲ ਘਟਣ ਕਾਰਨ ਅੰਡਿਆਂ ਦਾ ਉਤਪਾਦਨ ਘਟਣਾ ਸੁਭਾਵਕ ਹੈ। ਵਧੇਰੇ ਅੰਤਰਾਲ ਦੀ ਰੋਸ਼ਨੀ ਨਾਲ ਵਧੇਰੇ ਅੰਡਾ ਉਤਪਾਦਨ ਹੁੰਦਾ ਹੈ।

**9. ਸ਼ੈਡ ਵਿਚ ਸਫਾਈ ਦਾ ਪ੍ਰਬੰਧ** : ਗੰਦੀ ਥਾਂ ਤੇ ਰਹਿਣ ਨਾਲ ਪੰਛੀ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹਨ ਇਸ ਲਈ ਜੇਕਰ ਉਹਨਾਂ ਨੂੰ ਛੋਟੀ ਥਾਂ ਤੇ ਵੀ ਰੱਖਿਆ ਜਾਂਦਾ ਹੈ ਤਾਂ ਉਹ ਵੀ ਸਾਫ ਅਤੇ ਹਵਾਦਾਰ ਹੋਣੀ ਚਾਹੀਦੀ ਹੈ।

**10. ਪਰਜੀਵੀਆਂ ਦਾ ਸੰਕਰਮਣ** : ਬਾਹਰੀ ਪਰਜੀਵੀ ਜਿਵੇਂ ਕਿ ਜੂੰਆਂ ਆਦਿ ਨਾ ਸਿਰਫ ਕੱਟਣ ਅਤੇ ਚਮੜੀ ਦੀ ਜਲਣ ਦੁਆਰਾ ਪੰਛੀਆਂ ਨੂੰ ਪਰੇਸ਼ਾਨ ਕਰਦੇ ਹਨ ਬਲਕਿ ਕਈ ਬੀਮਾਰੀਆਂ ਦਾ ਕਾਰਨ ਵੀ ਬਣਦੇ ਹਨ। ਨਿਯਮਿਤ ਸਿਹਤ ਜਾਂਚ ਕਰਵਾ ਕੇ, ਇਹਨਾਂ ਸਾਰੀਆਂ ਸਮੱਸਿਆਵਾਂ ਨੂੰ ਕਾਬੂ ਵਿਚ ਰੱਖਿਆ ਜਾ ਸਕਦਾ ਹੈ।

**11. ਮੋਲਟਿੰਗ ਦੌਰਾਨ ਸਹਾਇਤਾ** : ਮੋਲਟਿੰਗ ਮੁਰਗੀਆਂ ਲਈ ਇਕ ਸਰੀਰਕ ਤਣਾਅ ਦਾ ਸਮਾਂ ਹੈ। ਇਸ ਦੌਰਾਨ ਪੰਛੀ ਆਪਣੇ ਪੁਰਾਣੇ ਖੰਭਾਂ ਨੂੰ ਗੁਆ ਰਹੇ ਹੁੰਦੇ ਹਨ ਅਤੇ ਫਿਰ ਨਵੇਂ ਖੰਭ ਆਉਂਦੇ ਹਨ। ਆਉਣ ਵਾਲੇ ਨਵੇਂ ਖੰਭਾਂ ਨਾਲ ਖੂਨ ਅਤੇ ਨਸਾਂ ਦੀ ਸਪਲਾਈ ਵੀ ਵੱਧ ਜਾਂਦੀ ਹੈ ਜਿਸ ਕਾਰਨ ਉਹ ਛੂਹਣ ਪ੍ਰਤੀ ਬਹੁਤ ਹੀ ਸੰਵੇਦਨਸ਼ੀਲ ਹੁੰਦੇ ਹਨ। ਮੋਲਟਿੰਗ ਨੂੰ ਰੋਕਿਆ ਨਹੀਂ ਜਾ ਸਕਦਾ ਪਰ ਢੁੱਕਵੀਂ ਖੁਰਾਕ ਅਤੇ ਸਾਂਭ ਸੰਭਾਲ ਨਾਲ ਪੰਛੀਆਂ ਦੀ ਸਰੀਰਕ ਤਕਲੀਫ ਨੂੰ ਘਟਾਇਆ ਜਾ ਸਕਦਾ ਹੈ। ਮੋਲਟਿੰਗ ਦੇ ਦੌਰਾਨ ਉਹਨਾਂ ਦੇ ਖੁਰਾਕੀ ਪ੍ਰੋਟੀਨ ਦੀ ਮਾਤਰਾ ਨੂੰ 20% ਤੋਂ 22% ਤੱਕ ਵਧਾਉਣ ਦੀ ਅਤੇ ਉਪਯੁਕਤ ਵਿਟਾਮਿਨ ਸਪਲੀਮੈਂਟ ਦੇਣ ਦੀ ਜ਼ਰੂਰਤ ਹੋਏਗੀ।

**12. ਬਿਮਾਰੀਆਂ ਤੋਂ ਬਚਾਅ** : ਪੰਛੀਆਂ ਨੂੰ ਲੱਗੀ ਲਾਗ ਵਾਲੀ ਜਾਂ ਬਿਨਾਂ ਲਾਗ ਵਾਲੀ ਬੀਮਾਰੀ ਕਾਰਨ ਅੰਡੇ ਦੇ ਰਹੀਆਂ ਮੁਰਗੀਆਂ ਦਾ ਉਤਪਾਦਨ ਪ੍ਰਭਾਵਿਤ ਹੁੰਦਾ ਹੈ। ਇਸ ਲਈ ਬੀਮਾਰੀਆਂ ਦੀ ਰੋਕਥਾਮ ਲਈ ਮਲੱਪਾਂ ਦੀ ਦਵਾਈ, ਸ਼ੈਡ ਨੂੰ ਸੰਕ੍ਰਮਣ ਰਹਿਤ ਕਰਨਾ (ਫਿਊਮੀਗੇਸ਼ਨ ਕਰਨਾ), ਟੀਕਾਕਰਣ ਆਦਿ ਕ੍ਰਿਆਵਾਂ ਨੇਮ ਨਾਲ ਕਰਨੀਆਂ ਅਤੀ ਜ਼ਰੂਰੀ ਹੈ।

# ਘਰੇਲੂ ਬਗੀਚੀ ਵਿਚ ਗਰਮੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ



ਸਬਜ਼ੀਆਂ ਦੀ ਸਫਲ ਕਾਸ਼ਤ ਵਿਚ ਜਗ੍ਹਾ ਦੀ ਚੋਣ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਲਈ ਘਰ ਬਗੀਚੀ ਨੂੰ ਘਰ ਦੇ ਦੱਖਣ ਵਾਲੇ ਪਾਸੇ ਲਾਉਣਾ ਚਾਹੀਦਾ ਹੈ ਤਾਂ ਜੋ ਸਾਰਾ ਦਿਨ ਪੌਦਿਆਂ ਨੂੰ ਧੁੱਪ ਮਿਲ ਸਕੇ। ਘਰ ਬਗੀਚੀ ਦੇ ਆਲੇ-ਦੁਆਲੇ ਕੋਈ ਦਰਖਤ ਲਈ ਹੋਣੇ ਚਾਹੀਦੇ। ਪਾਣੀ ਨੇੜੇ ਹੋਣਾ ਚਾਹੀਦਾ ਹੈ। ਰੇਤਲੀ ਮੈਰਾ, ਚੰਗੇ ਨਿਕਾਸ ਵਾਲੀ ਭੁਰਭੁਰੀ ਜ਼ਮੀਨ ਵਿਚ ਮੱਲ੍ਹੜ ਦੀ ਮਾਤਰਾ ਵੱਧ ਹੋਵੇ ਵਧੀਆ ਹੁੰਦੀ ਹੈ। ਫਰਵਰੀ-ਮਾਰਚ ਵਿਚ ਗਰਮੀਆਂ ਦੀਆਂ ਸਾਰੀਆਂ ਸਬਜ਼ੀਆਂ ਜਿਵੇਂ ਕਿ ਵੇਲਾਂ ਵਾਲੀਆਂ ਸਬਜ਼ੀਆਂ, ਤਰਬੂਜ਼, ਖਰਬੂਜ਼ਾ, ਹਲਵਾ ਕੱਦੂ, ਘੀਆ ਕੱਦੂ, ਕਾਲੀ ਤੋਰੀ, ਕਰੇਲਾ ਭਿੰਡੀ, ਟਮਾਟਰ, ਮਿਰਚ, ਬੈਂਗਣ, ਲੋਬੀਆ ਆਦਿ ਦੀ ਬੀਜਾਈ ਅਤੇ ਲਗਾਈ ਕੀਤੀ ਜਾਂਦੀ ਹੈ। ਗਰਮੀਆਂ ਦੀਆਂ ਸਬਜ਼ੀਆਂ ਦੇ ਬੀਜ ਨੂੰ ਉੱਗਣ ਲਈ 15-25 ਡਿਗਰੀ ਸੈਲਸੀਅਸ ਤਾਪਮਾਨ ਦੀ ਲੋੜ ਹੁੰਦੀ ਹੈ। ਇਸ ਲਈ ਫਰਵਰੀ ਦੇ ਮਹੀਨੇ ਵਿਚ ਬਿਜਾਈ ਕਰਦੇ ਸਮੇਂ ਮੌਜੂਦਾ ਤਾਪਮਾਨ ਨੂੰ ਧਿਆਨ ਵਿਚ ਰੱਖਦਾ ਚਾਹੀਦਾ ਹੈ। ਗਰਮ ਰੁੱਤ ਦੀਆਂ ਸਬਜ਼ੀਆਂ ਫਰਵਰੀ-ਮਾਰਚ ਵਿਚ ਬੀਜੀਆਂ ਜਾ ਸਕਦੀਆਂ ਹਨ ਅਤੇ ਪਨੀਰੀ ਮੁੱਖ ਖੇਤ ਵਿਚ ਲਗਾਈ ਜਾ ਸਕਦੀ ਹੈ। ਨਿਯਮਤ ਸਪਲਾਈ ਨੂੰ ਕਾਇਮ ਰੱਖਣ ਲਈ, ਭਿੰਡੀ, ਲੋਬੀਆ ਅਤੇ ਗੁਆਰ ਫਲੀ ਵਰਗੀਆਂ ਸਬਜ਼ੀਆਂ ਨੂੰ ਪੰਦਰਵਾੜੇ ਦੇ ਅੰਤਰਾਲ ਤੇ ਬੀਜਣਾ ਚਾਹੀਦਾ ਹੈ। ਇਹੋ ਜਿਹੀਆਂ ਕਿਸਮਾਂ ਦੀ ਚੋਣ ਕਰਨੀ ਚਾਹੀਦੀ ਹੈ ਜਿਹੜੀਆਂ ਰੋਗਾਂ ਨੂੰ ਸਹਿਣ ਦੀ ਸਮਰੱਥਾ ਰੱਖਦੀਆਂ ਹੋਣ ਤਾਂ ਘੱਟੋ ਘੱਟ ਰਸਾਇਣਾਂ ਦੀ ਵਰਤੋਂ ਕੀਤੀ ਜਾ ਸਕੇ। ਕੀੜਿਆਂ ਨੂੰ ਹੱਥੀਂ ਫੜ ਕੇ ਨਸ਼ਟ ਕਰ ਦਿਓ। ਰਸ ਚੂਸਣ ਵਾਲੇ ਕੀੜਿਆਂ ਨੂੰ ਪਾਣੀ ਦਾ ਤੇਜ਼ ਸਪਰੇਅ ਕਰਕੇ ਵੀ ਕਾਬੂ ਕੀਤਾ ਜਾ ਸਕਦਾ ਹੈ। ਤੇਲ ਜਾਂ ਗਰੀਸ ਲਗਾ ਕੇ ਪੀਲੀਆਂ ਪੱਟੀਆਂ ਰਾਹੀਂ ਵੀ ਰਸ ਚੂਸਣ ਵਾਲੇ ਕੀੜਿਆਂ ਨੂੰ ਆਕਰਸ਼ਿਤ ਕਰਕੇ ਕਾਬੂ ਕੀਤਾ ਜਾ ਸਕਦਾ ਹੈ।

ਵੱਧ ਝਾੜ ਅਤੇ ਵਧੀਆ ਮਿਆਰ ਪ੍ਰਾਪਤ ਕਰਨ ਲਈ ਸਬਜ਼ੀਆਂ ਦੀ ਤੁੜਾਈ ਸਮੇਂ ਸਿਰ ਅਤੇ ਨਿਯਮਤ ਅੰਤਰਾਲ ਤੇ ਕੀਤੀ ਜਾਣੀ ਚਾਹੀਦੀ ਹੈ। ਜਦੋਂ ਟਮਾਟਰ ਲਾਲ ਹੋ ਜਾਣ ਤਾਂ ਉਸ ਦੀ ਤੁੜਾਈ ਕਰੋ। ਭਿੰਡੀ, ਬੈਂਗਣ ਅਤੇ ਖੀਰੇ ਦੀ ਤੁੜਾਈ ਸਹੀ ਆਕਾਰ ਬਣਨ ਤੇ ਕਰਨੀ ਚਾਹੀਦੀ ਹੈ। ਇਹ ਸਧਾਰਨ ਸੁਝਾਅ ਤੁਹਾਨੂੰ ਗਰਮੀ ਦੇ ਮੌਸਮ ਵਿਚ ਘਰੇਲੂ ਬਗੀਚੀ ਵਿੱਚੋਂ ਨਿਯਮਤ ਤੌਰ 'ਤੇ ਤਾਜ਼ੀਆਂ ਸਬਜ਼ੀਆਂ ਪ੍ਰਾਪਤ ਕਰਨ ਵਿਚ ਮਦਦ ਕਰਨਗੇ।

**ਰੂਮਾ ਦੇਵੀ : 98783-99555 ਅਤੇ**
**ਬਲਵੀਰ ਕੌਰ, ਸਬਜ਼ੀ ਵਿਗਿਆਨ ਵਿਭਾਗ**

# ਠੇਕਾ ਖੇਤੀ ਦੀ ਇੱਕ ਸਫਲ ਮਿਸਾਲ ਹੈ ਆਲੂਆਂ ਦੀ ਖੇਤੀ

**ਸ੍ਰੀ ਹਰੀਸ਼ ਦਾਮੋਦਰਨ,**
**ਸੀਨੀਅਰ ਵਿਸ਼ਲੇਸ਼ਕ**

ਭਾਰਤ ਫ੍ਰੈਂਚ ਫਰਾਈਜ਼ ਦੇ ਇੱਕ ਵੱਡੇ ਨਿਰਯਾਤਕ ਵਜੋਂ ਉਭਰਿਆ ਹੈ, ਜਿਸ ਦਾ ਸਿਹਰਾ ਉਤਪਾਦਕਾਂ ਤੋਂ ਸਿੱਧਾ ਆਲੂ ਖਰੀਦਣ ਵਾਲੀਆਂ ਕੰਪਨੀਆਂ ਅਤੇ ਕਿਸਾਨਾਂ ਦੀ ਵਧਦੀ ਭਾਗੀਦਾਰੀ ਨੂੰ ਜਾਂਦਾ ਹੈ। ਸਾਲ 1992 ਵਿੱਚ ਅਮਰੀਕੀ ਪ੍ਰੋਸੈਸਡ ਫੂਡ ਕੰਪਨੀ ਲੈਂਬ ਵੈਸਟਨ ਨੇ ਭਾਰਤ ਵਿੱਚ ਸਟਾਰ ਹੋਟਲਾਂ ਨੂੰ ਸਪਲਾਈ ਕਰਨ ਲਈ ਫਰੋਜ਼ਨ (ਜੰਮੇ ਹੋਏ) ਫ੍ਰੈਂਚ ਫਰਾਈਜ਼ (ਐਫ. ਐਫ. 66) ਦਾ ਆਯਾਤ ਕਰਨਾ ਸ਼ੁਰੂ ਕੀਤਾ ਸੀ। ਚਾਰ ਸਾਲ ਬਾਅਦ, ਕੈਨੇਡਾ ਦੀ ਬਹੁ-ਰਾਸ਼ਟਰੀ ਕੰਪਨੀ ਮੈਕਕੇਨ ਫੂਡਜ਼ ਨੇ ਮੈਕਡੋਨਲਡਜ਼ ਦੇ ਇਕਲੌਤੇ ਸਪਲਾਇਰ ਵਜੋਂ ਭਾਰਤ ਵਿੱਚ ਆਪਣਾ ਪਹਿਲਾ ਰੈਸਟੋਰੈਂਟ ਖੋਲ੍ਹਿਆ ਸੀ। ਕੁਰਕੁਰੇ, ਸਿੱਧੇ-ਕੱਟੇ ਹੋਏ ਡੂੰਘੇ-ਤਲੇ ਹੋਏ ਆਲੂਆਂ ਦੀ ਖਪਤ ਵਧਣ ਨਾਲ ਇਨ੍ਹਾਂ ਦਾ ਆਯਾਤ ਵੀ ਵਧਦਾ ਗਿਆ। ਜੋ ਕਿ 2000 ਦੇ ਦਹਾਕੇ ਦੇ ਮੱਧ ਤੱਕ 5,000 ਟਨ ਸਾਲਾਨਾ ਤੋਂ 2010-11 ਵਿੱਚ 7,863 ਟਨ ਦੇ ਉੱਚਤਮ ਪੱਧਰ 'ਤੇ ਪਹੁੰਚ ਗਿਆ। ਪਰ 2023-24 ਵਿੱਚ ਆਯਾਤ ਬੰਦ ਹੋ ਗਿਆ, ਕਿਉਂਕਿ ਭਾਰਤ ਨੇ ਆਯਾਤ ਦੀ ਬਜਾਏ 1,478.73 ਕਰੋੜ ਰੁਪਏ ਦਾ 1,35,877 ਟਨ ਐਫ. ਐਫ. ਆਲੂ ਦਾ ਨਿਰਯਾਤ ਕੀਤਾ ਹੈ। ਇਹ ਬਦਲਾਅ ਇੱਕ ਆਯਾਤਕਾਰ ਤੋਂ ਲੈ ਕੇ ਇੱਕ ਉੱਚ ਪੱਛਮੀ ਫਾਸਟ ਫੂਡ ਉਤਪਾਦ ਦੇ ਨਿਰਯਾਤਕ ਬਣਨ ਤੱਕ ਦੇ ਮੌਕਿਆਂ ਦਾ ਲਾਭ ਉਠਾਉਣ ਵਾਲੇ ਘਰੇਲੂ ਉੱਦਮੀਆਂ ਦੇ ਕਾਰਨ ਸੰਭਵ ਹੋ ਸਕਿਆ ਹੈ।

ਭਾਰਤੀ ਐਫ. ਐਫ. ਆਲੂ ਦਾ ਮੁੱਖ ਤੌਰ 'ਤੇ ਦੱਖਣ-ਪੂਰਬੀ ਏਸ਼ੀਆ (ਫਿਲੀਪੀਨਜ਼, ਥਾਈਲੈਂਡ, ਮਲੇਸ਼ੀਆ, ਇੰਡੋਨੇਸ਼ੀਆ ਅਤੇ ਵੀਅਤਨਾਮ), ਮੱਧ ਪੂਰਬ (ਸਾਊਦੀ ਅਰਬ, ਯੂ. ਏ. ਈ. ਅਤੇ ਓਮਾਨ) ਤੋਂ ਇਲਾਵਾ ਜਾਪਾਨ ਅਤੇ ਤਾਈਵਾਨ ਨੂੰ ਵੀ ਨਿਰਯਾਤ ਹੁੰਦਾ ਹੈ। ਹਾਈਫਨ ਫੂਡਜ਼ ਪ੍ਰਾ. ਲਿ. ਦੇ ਐਮ. ਡੀ. ਹਰੇਸ਼ ਕਰਮਚੰਦਾਨੀ ਨੇ ਦੱਸਿਆ ਕਿ ਅਸੀਂ ਇਨ੍ਹਾਂ ਬਾਜ਼ਾਰਾਂ ਲਈ ਇੱਕ ਬਦਲਵੇਂ ਸਪਲਾਇਰ ਬਣ ਗਏ ਹਾਂ, ਉਹ ਪਹਿਲਾਂ ਯੂਰਪ ਅਤੇ ਅਮਰੀਕਾ ਤੋਂ ਅਜਿਹਾ ਆਲੂ ਆਯਾਤ ਕਰਦੇ ਸਨ। ਅਹਿਮਦਾਬਾਦ ਸਥਿਤ ਇਸ ਕੰਪਨੀ ਨੇ ਪਿਛਲੇ ਸਾਲ ਭਾਰਤ ਤੋਂ ਨਿਰਯਾਤ ਹੋਏ 1,75,000 ਟਨ ਐਫ. ਐਫ. ਆਲੂ ਵਿੱਚੋਂ ਲਗਭਗ 85,000 ਟਨ ਦਾ ਨਿਰਯਾਤ ਕੀਤਾ। ਹੋਰ ਪ੍ਰਮੁੱਖ ਨਿਰਯਾਤਕ ਇਸਕੋਨ ਬਾਲਾਜੀ ਫੂਡਜ਼, ਫਨਵੇਵ ਫੂਡਜ਼ ਅਤੇ ਚਿਲਵਿਲ ਫੂਡਜ਼ (ਸਾਰੇ ਗੁਜਰਾਤ ਤੋਂ) ਅਤੇ ਅਮਰੀਕਾ-ਆਧਾਰਿਤ ਜੇਆਰ ਸਿਮਪਲੋਟ ਦਾ ਵੀ ਸੂਬੇ ਵਿੱਚ ਇੱਕ ਪਲਾਂਟ ਹੈ। ਭਾਰਤ ਦਾ ਐਫ. ਐਫ. ਆਲੂ ਨਿਰਯਾਤ ਇਸ ਦੀ ਅਨੁਮਾਨਿਤ ਘਰੇਲੂ ਖਪਤ 1,00,000 ਟਨ ਤੋਂ ਵੱਧ ਹੈ। ਇਸ ਵਿੱਚੋਂ ਲਗਭਗ 80 ਪ੍ਰਤੀਸ਼ਤ ਕਾਰੋਬਾਰਾਂ (ਜਿਵੇਂ ਕਿ ਮੈਕਡੋਨਲਡਜ਼, ਕੇ. ਐਫ. ਸੀ. ਅਤੇ ਬਰਗਰ ਕਿੰਗ) ਨੂੰ ਔਸਤਨ 125 ਰੁਪਏ ਪ੍ਰਤੀ ਕਿਲੋਗ੍ਰਾਮ ਅਤੇ ਬਾਕੀ ਪ੍ਰਚੂਨ ਖੇਤਰ ਨੂੰ 200 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਆਲੂ ਵੇਚਿਆ ਜਾਂਦਾ ਹੈ, ਜਿਸ ਨਾਲ ਇਸ ਦੇ ਕੁੱਲ ਬਾਜ਼ਾਰ ਦਾ ਆਕਾਰ 1,400 ਕਰੋੜ ਰੁਪਏ ਹੋ ਜਾਂਦਾ ਹੈ।



## ਟੇਬਲ ਬਨਾਮ ਪ੍ਰੋਸੈਸਿੰਗ-ਗ੍ਰੇਡ

ਭਾਰਤ ਦਾ ਆਲੂ ਉਤਪਾਦਨ ਲਗਭਗ 6 ਕਰੋੜ ਟਨ ਹੈ, ਜੋ ਕਿ ਚੀਨ ਦੇ 9.5 ਕਰੋੜ ਟਨ ਤੋਂ ਬਾਅਦ ਦੂਜੇ ਸਥਾਨ 'ਤੇ ਹੈ।

ਆਲੂਆਂ ਦੀਆਂ ਕਿਸਮਾਂ ਵਿੱਚ ਐਫ. ਐਫ. ਲਈ ਸੈਂਟਾਨਾ, ਇਨੋਵੇਟਰ, ਕੇਨੇਬੇਕ, ਕੁਫਰੀ ਫਰਾਈਸੋਨਾ ਅਤੇ ਕੁਫਰੀ ਫਰਾਈਓਐਮ ਅਤੇ ਚਿਪਸ ਲਈ ਲੇਡੀ ਰੋਸੇਟਾ ਤੇ ਕੁਫਰੀ ਚਿਪਸੋਨਾ-1, 2, 3 ਤੇ 4 ਸ਼ਾਮਿਲ ਹਨ। ਸੈਂਟਾਨਾ (ਐਸ. ਟੀ. ਈ. ਟੀ.), ਇਨੋਵੇਟਰ (ਐਚ. ਜ਼ੈਡ. ਪੀ. ਸੀ.) ਅਤੇ ਲੇਡੀ ਰੋਸੇਟਾ (ਮੇਈਜ਼ਰ) ਸਾਰੀਆਂ ਨੀਦਰਲੈਂਡ-ਆਧਾਰਿਤ ਕੰਪਨੀਆਂ ਦੀਆਂ ਕਿਸਮਾਂ ਹਨ, ਜਦੋਂਕਿ ਕੁਫਰੀ ਕਿਸਮਾਂ ਸਰਕਾਰੀ ਮਾਲਕੀ ਵਾਲੇ ਕੇਂਦਰੀ ਆਲੂ ਖੋਜ ਸੰਸਥਾਨ, ਸ਼ਿਮਲਾ ਦੁਆਰਾ ਵਿਕਸਿਤ ਕੀਤੀਆਂ ਗਈਆਂ ਹਨ। ਇੱਕ ਕਿਲੋਗ੍ਰਾਮ ਐਫ. ਐਫ. ਪੈਦਾ ਕਰਨ ਲਈ ਲਗਭਗ 1.8 ਕਿਲੋਗ੍ਰਾਮ ਆਲੂਆਂ ਦੀ ਜ਼ਰੂਰਤ ਹੁੰਦੀ ਹੈ, ਜਦੋਂਕਿ ਵਿਸ਼ੇਸ਼ ਉਤਪਾਦਾਂ (ਜਿਵੇਂ ਕਿ ਹੈਸ਼ ਬ੍ਰਾਊਨ, ਬਰਗਰ ਪੈਟੀਜ਼, ਨਗੇਟਸ ਅਤੇ ਆਲੂ ਟਿੱਕੀਆਂ) ਦੇ ਲਈ ਇਹ 1.5 ਕਿਲੋਗ੍ਰਾਮ ਹੈ। ਡੀਹਾਈਡ੍ਰੇਟਿਡ ਆਲੂ ਦੇ ਫਲੇਕਸ (ਭੁਜੀਆ ਸਨੈਕ ਨਿਰਮਾਤਾਵਾਂ ਜਿਵੇਂ ਕਿ ਬੀਕਾਨੇਰਵਾਲਾ, ਬਾਲਾਜੀ ਵੇਫਰਜ਼ ਅਤੇ ਬੀਕਾਜੀ ਫੂਡਜ਼ ਦੁਆਰਾ ਵਰਤੇ ਜਾਂਦੇ ਹਨ) ਲਈ 6 ਕਿਲੋਗ੍ਰਾਮ ਆਲੂਆਂ ਦੀ ਜ਼ਰੂਰਤ ਹੁੰਦੀ ਹੈ।

## ਕੰਟਰੈਕਟ ਫਾਰਮਿੰਗ ਮਾਡਲ

ਹਾਈਫਨ ਫੂਡਜ਼ ਦੀ ਵਿਕਰੀ 2023-24 ਵਿੱਚ 1,320 ਕਰੋੜ ਰੁਪਏ ਦਰਜ ਕੀਤੀ ਗਈ, ਜਿਸ ਵਿੱਚੋਂ ਗੁਜਰਾਤ ਦੇ ਮੇਹਸਾਣਾ ਜ਼ਿਲ੍ਹੇ ਵਿੱਚ ਲੱਗੇ ਪਲਾਂਟਾਂ ਵਿੱਚ ਲਗਭਗ 700 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਪੂਰਾ ਸਾਲ ਕੱਚੇ ਮਾਲ ਦੀ ਢੁੱਕਵੀਂ ਉਪਲੱਬਧਤਾ ਨੂੰ ਯਕੀਨੀ ਬਣਾਉਣ ਨਾਲੋਂ ਪ੍ਰੋਸੈਸਿੰਗ ਸਮਰੱਥਾ ਦਾ ਨਿਰਮਾਣ ਕਰਨਾ ਸੌਖਾ ਹੈ। ਇੱਥੇ ਕੰਟਰੈਕਟ ਫਾਰਮਿੰਗ ਸਾਹਮਣੇ ਆਉਂਦੀ ਹੈ। ਆਲੂ ਅਕਤੂਬਰ-ਨਵੰਬਰ ਵਿੱਚ ਬੀਜੇ ਜਾਂਦੇ ਹਨ ਅਤੇ ਫਰਵਰੀ-ਮਾਰਚ ਵਿੱਚ ਪੁੱਟੇ ਜਾਂਦੇ ਹਨ। 2023-24 ਦੇ ਸੀਜ਼ਨ ਦੌਰਾਨ ਹਾਈਫਨ ਨੇ ਗੁਜਰਾਤ ਦੇ ਬਨਾਸਕਾਂਠਾ, ਸਾਬਰਕਾਂਠਾ, ਗਾਂਧੀਨਗਰ ਤੇ ਮੇਹਸਾਣਾ ਜ਼ਿਲ੍ਹਿਆਂ ਦੇ 6,000 ਕਿਸਾਨਾਂ ਤੋਂ 3,00,000 ਟਨ ਆਲੂ ਖਰੀਦੇ। ਹਾਈਫਨ ਕੰਪਨੀ ਕਿਸਾਨਾਂ ਨੂੰ ਅਗਲੇ ਮਹੀਨੇ ਤੋਂ ਤਿਆਰ ਹੋਣ ਵਾਲੀ ਫ਼ਸਲ ਲਈ 13.8 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਪੇਸ਼ਕਸ਼ ਕਰ ਰਿਹਾ ਹੈ। ਇਹ ਕੀਮਤ 40 ਮਿਲੀਮੀਟਰ ਤੋਂ ਵੱਧ ਵਿਆਸ ਵਾਲੇ ਆਲੂਆਂ ਲਈ ਹੈ, ਜਦੋਂਕਿ ਛੋਟੇ ਆਕਾਰ ਦੇ ਆਲੂਆਂ ਲਈ 8 ਰੁਪਏ ਪ੍ਰਤੀ ਕਿਲੋਗ੍ਰਾਮ ਕੰਪਨੀ ਭਾਅ ਦਿੰਦੀ ਹੈ। 180 ਏਕੜ 'ਤੇ ਸੰਤਨਾ ਕਿਸਮ ਦੀ ਖੇਤੀ ਕਰਨ ਵਾਲੇ ਅਲਪੇਸ਼ ਨਵੀਨਭਾਈ ਪਟੇਲ ਦਾ ਕਹਿਣਾ ਹੈ ਕਿ ਕੰਟਰੈਕਟ 'ਤੇ ਖੇਤੀ ਵਧੀਆ ਕੰਮ ਕਰਦੀ ਹੈ, ਕਿਉਂਕਿ ਸਾਡੀ ਉਪਜ ਦੀ ਕੀਮਤ ਜਾਂ ਮਾਰਕੀਟਿੰਗ ਬਾਰੇ ਕੋਈ ਅਨਿਸ਼ਚਿਤਤਾ ਨਹੀਂ ਰਹਿੰਦੀ।

## ਬੀਜ ਤੋਂ ਸ਼ੈਲਫ ਤੱਕ

ਕੰਟਰੈਕਟ ਫਾਰਮਿੰਗ ਕੇਵਲ ਨਿਸ਼ਚਿਤ ਕੀਮਤ ਅਤੇ ਖਰੀਦ ਤੱਕ ਸੀਮਤ ਨਹੀਂ ਹੈ। ਇਹ ਖੇਤਾਂ ਵਿੱਚ ਕਿਸਾਨਾਂ ਦੀ ਸ਼ਮੂਲੀਅਤ ਨੂੰ ਹੋਰ ਮਜ਼ਬੂਤ ਕਰਨ ਬਾਰੇ ਵੀ ਹੈ। ਹਾਈਫਨ ਆਪਣੇ ਕਿਸਾਨਾਂ ਨੂੰ ਸੈਂਟਾਨਾ, ਫ੍ਰਾਇਸੋਨਾ ਅਤੇ ਫ੍ਰਾਇਓਮ ਚੰਗੀ ਕੁਆਲਿਟੀ ਦੇ ਰੋਗ ਮੁਕਤ ਆਲੂ ਦੇ ਬੀਜ ਪ੍ਰਦਾਨ ਕਰਦੀ ਹੈ। ਇਹ ਟਿਸ਼ੂ-ਕਲਚਰ ਲੈਬ ਵਿੱਚ ਉਗਾਏ ਗਏ ਆਪਣੇ ਛੋਟੇ-ਛੋਟੇ ਕੰਦ ਬੀਜ-ਆਲੂ ਕੰਪਨੀਆਂ : ਆਈਟੀਸੀ ਟੈਕਨੀਕੋ, ਐਗਰੀ ਸਾਇੰਸਜ਼, ਮਹਿੰਦਰਾ ਐਚਜ਼ੈਡਪੀਸੀ ਅਤੇ ਕੇਐਫ ਬਾਇਓਟੈਕ ਤੋਂ ਪ੍ਰਾਪਤ ਕਰਦੀ ਹੈ। ਆਲੂ ਬੀਜਣ ਤੋਂ ਪਹਿਲਾਂ ਆਪਣੀ ਮਿੱਟੀ ਵਿੱਚ ਜੈਵਿਕ ਕਾਰਬਨ ਅਤੇ ਪੌਸ਼ਟਿਕ ਤੱਤਾਂ ਦੀ ਮਾਤਰਾ ਵਧਾਉਣ ਲਈ ਗੁਆਰ ਤੇ ਢੈਂਚਾ ਉਗਾਉਣ ਵਾਲੇ ਪਟੇਲ ਨੇ ਪਿਛਲੇ ਸਾਲ ਪ੍ਰਤੀ ਏਕੜ ਔਸਤਨ 13.5 ਟਨ ਆਲੂ ਦੀ ਪੁਟਾਈ ਕੀਤੀ। ਇਹ ਆਲੂ 13.8 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਕੀਮਤ 'ਤੇ ਵਿਕਣ ਅਤੇ ਉਤਪਾਦਨ ਲਾਗਤ 85,000 ਤੋਂ 90,000 ਰੁਪਏ ਬਾਅਦ ਪ੍ਰਤੀ ਏਕੜ ਮੁਨਾਫਾ 96,300-1,01,300 ਰੁਪਏ ਹੁੰਦਾ ਹੈ। ਭਵਿੱਖ ਵਿੱਚ ਖੇਤੀਬਾੜੀ ਕੰਪਨੀਆਂ ਨੂੰ ਕਿਸਾਨਾਂ ਤੋਂ ਉਪਜ ਵਿਚੋਲਿਆਂ ਰਾਹੀਂ ਖਰੀਦਣ ਦੀ ਬਜਾਏ ਸਿੱਧੀ ਆਪ ਖਰੀਦਣੀ ਪਵੇਗੀ। ਬੀਜ ਤੋਂ ਸ਼ੈਲਫ ਤੱਕ ਦੀ ਪਹੁੰਚ ਢੁੱਕਵੀਂ ਹੈ, ਖਾਸ ਕਰਕੇ ਜਦੋਂ ਵਿਸ਼ਵ ਬਾਜ਼ਾਰਾਂ ਵਿੱਚ ਵਿਕਰੀ ਕੀਤੀ ਜਾਂਦੀ ਹੈ, ਜਿੱਥੇ ਲਾਗਤ ਮੁਕਾਬਲੇਬਾਜ਼ੀ ਅਤੇ ਉਤਪਾਦ ਦੀ ਗੁਣਵੱਤਾ ਬਰਾਬਰ ਮਾਇਨੇ ਰੱਖਦੇ ਹਨ।

कृषि एवं कृषि संबंधित विषयों पर
आधुनिक जानकारी लेने हेतु पढ़ें

# कृषि संसार

हिन्दी साप्ताहिक समाचार पत्र



कृषि एवं कृषि सहायक
धंधों की आधुनिक
जानकारी से भरपूर



## एक वर्ष में 52 अंक

किसान भाईयों व डीलर/डिस्ट्रीब्यूटरों के लिए

## चंदों में विशेष छूट

एक वर्ष 500/- रुपए

दो वर्ष 800/- रुपए

पेमेंट करने के पश्चात् अपना डाक पता इस नंबर पर भेजें :

90410-14575

KHETI DUNIYAN
TID - 62763351

चंदे भेजने हेतु QR कोड सकैन करें।

**कृषि संसार** (कृषि साप्ताहिक)

के.डी. कॉम्पलैक्स, गऊशाला रोड, पटियाला

# ਬਸੰਤ ਰੁੱਤ ਦੇ ਕਮਾਦ ਤੋਂ ਵੱਧ ਉਤਪਾਦਕਤਾ ਅਤੇ ਮੁਨਾਫੇ ਲਈ ਅੰਤਰ ਫਸਲੀ ਪ੍ਰਣਾਲੀ ਅਪਣਾਓ

ਅਮਿਤ ਸਲਾਰੀਆ ਅਤੇ ਅਮਨਦੀਪ ਕੌਰ,
ਡਾਇਰੈਟੋਰੇਟ ਪਸਾਰ ਸਿੱਖਿਆ, ਮੋਬਾਇਲ : 94171-88183

ਵਾਹੀਯੋਗ ਜ਼ਮੀਨਾਂ ਹੇਠ ਲਗਾਤਾਰ ਘੱਟ ਰਿਹਾ ਰਕਬਾ ਅਤੇ ਸ਼ਹਿਰੀਕਰਨ ਨੂੰ ਆਧੁਨਿਕ ਖੇਤੀ ਲਈ ਇੱਕ ਵੱਡੀ ਚੁਣੌਤੀ ਵਜੋਂ ਵੇਖਿਆ ਜਾ ਰਿਹਾ ਹੈ । ਅਜਿਹੀ ਸਥਿਤੀ ਵਿਚ ਅੰਤਰ ਫਸਲੀ ਵਿਧੀ ਨਾਲ ਫਸਲਾਂ ਤੋਂ ਵੱਧ ਉਤਪਾਦਕਤਾ ਅਤੇ ਮੁਨਾਫਾ ਪ੍ਰਾਪਤ ਕੀਤਾ ਜਾ ਸਕਦਾ ਹੈ । ਪੀ.ਏ.ਯੂ, ਲੁਧਿਆਣਾ ਵੱਲੋਂ ਬਸੰਤ ਰੁੱਤ ਦੇ ਕਮਾਦ ਵਿਚ ਵਿਕਸਿਤ ਅੰਤਰ ਫਸਲੀ ਪ੍ਰਣਾਲੀ ਦਾ ਵੇਰਵਾ ਹੇਠ ਦਿੱਤਾ ਗਿਆ ਹੈ ।



**1. ਬਸੰਤ ਰੁੱਤ ਦੇ ਕਮਾਦ ਵਿੱਚ ਗਰਮੀ ਰੁੱਤ ਦੀ ਮੂੰਗੀ/ਗਰਮੀ ਰੁੱਤ ਦੇ ਮਾਂਹ/ਮੈਂਥਾਂ/ਭਿੰਡੀ/ਖੀਰੇ ਦੀ ਅੰਤਰ-ਫਸਲਾਂ ਵਜੋਂ ਕਾਸ਼ਤ(ਸਾਰਨੀ 1)**

★ ਬਸੰਤ ਰੁੱਤ ਦੇ ਕਮਾਦ ਵਿੱਚ ਗਰਮੀ ਰੁੱਤ ਦੀ ਮੂੰਗੀ ਜਾਂ ਗਰਮੀ ਰੁੱਤ ਦੇ ਮਾਂਹ ਦੀਆਂ ਸਿਫਾਰਸ਼ ਕਿਸਮਾਂ ਦੀ ਇਕ ਲਾਈਨ ਬੀਜ ਕੇ ਇਹਨਾਂ ਫਸਲਾਂ ਤੋਂ 1.5 ਤੋਂ 2.0 ਕੁਇੰਟਲ ਪ੍ਰਤੀ ਏਕੜ ਦਾ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ ।

★ ਕਮਾਦ ਦੀਆਂ ਦੋ ਲਾਈਨਾਂ ਵਿਚ ਇਕ ਲਾਈਨ ਮੈਂਥਾ (ਜਾਪਾਨੀ ਪੁਦੀਨੇ) ਦੀ ਬੀਜੋ ।

★ ਦੋ ਕਤਾਰੀ ਖਾਲੀ ਵਿਧੀ ਨਾਲ ਬੀਜੇ (90:30 ਜਾਂ 120:30 ਸੈਂਟੀਮੀਟਰ) ਕਮਾਦ ਦੀਆਂ ਦੋ ਕਤਾਰਾਂ ਵਿਚਕਾਰ ਭਿੰਡੀ ਦੀਆਂ ਦੋ ਕਤਾਰਾਂ (45 ਸੈਂਟੀਮੀਟਰ ਵਿੱਥ ਤੇ) ਦੀ ਬਿਜਾਈ ਕ੍ਰਮਵਾਰ 11 ਕਿਲੋਗ੍ਰਾਮ ਅਤੇ 9 ਕਿਲੋਗ੍ਰਾਮ ਪ੍ਰਤੀ ਏਕੜ ਬੀਜ ਨਾਲ ਅੰਤਰ ਫਸਲ ਦੇ ਤੌਰ 'ਤੇ ਫਰਵਰੀ ਮਹੀਨੇ ਦੌਰਾਨ ਕਰੋ ।

★ ਦੋ ਕਤਾਰੀ ਖਾਲੀ ਵਿਧੀ ਨਾਲ ਬੀਜੇ (90:30 ਜਾਂ 120:30 ਸੈਂਟੀਮੀਟਰ) ਕਮਾਦ ਦੀਆਂ ਦੋ ਕਤਾਰਾਂ ਵਿਚਕਾਰ ਖੀਰੇ ਦੀ ਇਕ ਕਤਾਰ (ਬੂਟੇ ਤੋਂ ਬੂਟੇ ਦਾ ਫਾਸਲਾ 45 ਸੈਂਟੀਮੀਟਰ) ਦੀ ਬਿਜਾਈ ਕਰੋ ।

**ਸਾਰਨੀ 1 : ਬਸੰਤ ਰੁੱਤ ਦੇ ਕਮਾਦ ਵਿੱਚ ਗਰਮੀ ਰੁੱਤ ਦੀ ਮੂੰਗੀ/ਮਾਂਹ/ਮੈਂਥਾਂ/ਭਿੰਡੀ/ਖੀਰੇ ਦੀ ਅੰਤਰ-ਫਸਲਾਂ ਵਜੋਂ ਕਾਸ਼ਤ**

| ਖੇਤੀ ਕਾਰਵਾਈ | ਗਰਮ ਰੁੱਤ ਦੀ ਮੂੰਗੀ | ਗਰਮ ਰੁੱਤ ਦੇ ਮਾਂਹ | ਮੈਂਥਾ | ਭਿੰਡੀ | ਖੀਰਾ |
|---|---|---|---|---|---|
| ਬੀਜ ਦੀ ਮਾਤਰਾ (ਕਿਲੋ ਪ੍ਰਤੀ ਏਕੜ) | 4 | 5 | 100 (ਜੜ੍ਹਾਂ) | 9-11 | 1 |
| ਬਿਜਾਈ ਦਾ ਸਮਾਂ | ਮਾਰਚ 20 ਤੋਂ ਅਪ੍ਰੈਲ 10 | ਮਾਰਚ 15 ਤੋਂ ਅਪ੍ਰੈਲ 7 | ਫਰਵਰੀ ਦਾ ਪਹਿਲਾ ਪੰਦਰਵਾੜਾ | ਫਰਵਰੀ ਦਾ ਪਹਿਲਾ ਪੰਦਰਵਾੜਾ | ਫਰਵਰੀ ਦਾ ਪਹਿਲਾ ਪੰਦਰਵਾੜਾ |
| ਗੰਨੇ ਦੀਆਂ ਦੋ ਕਤਾਰਾਂ ਵਿਚ ਅੰਤਰ ਫਸਲ ਦੀਆਂ ਲਾਈਨਾਂ | ਇੱਕ | ਇੱਕ | ਇੱਕ | 45 ਸੈਂਟੀ ਮੀਟਰ ਵਿੱਥ ਤੇ ਦੋ ਲਾਈਨਾਂ | ਇੱਕ |
| ਗੰਨੇ ਨੂੰ ਸਿਫਾਰਸ਼ ਕੀਤੀਆਂ ਖਾਦਾਂ ਤੋਂ ਇਲਾਵਾ ਹੋਰ ਖਾਦਾਂ (ਕਿਲੋ ਪ੍ਰਤੀ ਏਕੜ) | -- | -- | 18 ਕਿਲੋ ਨਾਈਟਰੋਜਨ (39 ਕਿਲੋ ਯੂਰੀਆ) ਅਤੇ 10 ਕਿਲੋ ਫਾਸਫੋਰਸ (62 ਕਿਲੋ ਐਸ ਐਸ ਪੀ) | 36 ਕਿਲੋ ਨਾਈਟਰੋਜਨ (80 ਕਿਲੋ ਯੂਰੀਆ) | 40 ਕਿਲੋ ਨਾਈਟਰੋਜਨ (90 ਕਿਲੋ ਯੂਰੀਆ), 20-20 ਕਿਲੋ ਫਾਸਫੋਰਸ (125 ਕਿਲੋ ਐਸ ਐਸ ਪੀ) ਅਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ ਪੋਟਾਸ਼) |

# ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾ ਕੇ .ਫਸਲੀ ਵਿਭਿੰਨਤਾ ਲਿਆਉਣਾ ਸਮੇਂ ਦੀ ਲੋੜ

ਅਪ੍ਰੈਲ ਵਿੱਚ ਕਣਕ ਦੀ ਵਾਢੀ ਹੋਣ ਉਪਰੰਤ ਖਰੀਫ਼ ਮੌਸਮ ਮਈ 'ਚ ਸ਼ੁਰੂ ਹੋ ਜਾਵੇਗਾ। ਕਿਸਾਨ ਹੁਣੇ ਤੋਂ ਖਰੀਫ਼ ਦੇ ਮੌਸਮ 'ਚ ਬਿਜਾਈ ਕਰਨ ਸੰਬੰਧੀ ਵਿਚਾਰ ਕਰ ਰਹੇ ਹਨ। ਝੋਨਾ ਮੁੱਖ ਫ਼ਸਲ ਹੈ। ਇਸ ਸੰਬੰਧੀ ਉਹ ਸੋਚ 'ਚ ਹਨ ਕਿ ਝੋਨੇ ਦੀ ਕਿਹੜੀ ਕਿਸਮ ਬੀਜਣ। ਪਿਛਲੇ ਸਾਲ ਕੁੱਝ ਵੱਡੇ ਰਕਬੇ ਤੇ ਝੋਨੇ ਦੀ ਪੀ ਆਰ -126 ਕਿਸਮ ਦੀ ਕਾਸ਼ਤ ਕੀਤੀ ਗਈ ਸੀ। ਕਿਉਂਕਿ ਇਹ ਕਿਸਮ ਪੱਕਣ ਨੂੰ ਥੋੜਾ ਸਮਾਂ ਲੈਂਦੀ ਹੈ ਅਤੇ ਇਸ ਦਾ ਝਾੜ ਵੀ ਚੰਗਾ ਹੈ। ਪ੍ਰੰਤੂ ਇਸ ਸਾਲ ਕਿਸਾਨ ਇਸ ਕਿਸਮ ਨੂੰ ਬੀਜਣ ਲਈ ਦੁਬਿੱਧਾ 'ਚ ਹਨ ਕਿਉਂਕਿ ਪਿਛਲੇ ਸਾਲ ਮਿਲਰਾਂ ਤੇ ਆੜ੍ਹਤੀਆਂ ਨੇ ਇਸ ਕਿਸਮ ਦੀ ਫ਼ਸਲ ਪੂਰੇ ਭਾਅ ਨਹੀਂ ਲਿੱਤੀ। ਉਹ ਦਾਅਵਾ ਕਰਦੇ ਸਨ ਕਿ ਇਸ ਕਿਸਮ ਤੋਂ ਚੌਲਾਂ ਦਾ ਨਿਕਾਲ ਜੋ ਹੋਰ ਕਿਸਮਾਂ 'ਚ 67 ਪ੍ਰਤੀਸ਼ਤ ਨਿਕਲਦਾ ਹੈ, ਉਹ ਇਸ ਕਿਸਮ ਵਿੱਚੋਂ 62 - 63 ਪ੍ਰਤੀਸ਼ਤ ਹੀ ਨਿਕਲਦਾ ਹੈ ਅਤੇ ਇਸ ਕਿਸਮ ਵਿੱਚ ਟੋਟਾ ਵੀ ਜ਼ਿਆਦਾ ਹੁੰਦਾ ਹੈ। ਪੂਸਾ 44 ਕਿਸਮ ਜੋ ਕਿਸਾਨਾਂ ਦੀ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਪਸੰਦ ਬਣੀ ਰਹੀ ਹੁਣ ਆਈ ਸੀ ਏ ਆਰ - ਭਾਰਤੀ ਖੇਤੀ ਖੋਜ ਸੰਸਥਾਨ ਨੇਂ ਇਸ ਦਾ ਬੀਜ ਬਨਾਉਣਾ ਬੰਦ ਕਰ ਦਿੱਤਾ ਹੈ। ਕਿਸਾਨ ਇਸ ਕਿਸਮ ਦੀ ਕਾਸ਼ਤ ਨੂੰ ਨਾ ਚਾਹੁੰਦੇ ਹੋਏ ਵੀ ਛੱਡਣ ਲਈ ਮਜਬੂਰ ਹਨ। ਭਾਵੇਂ ਕੁੱਝ ਕਿਸਾਨ ਪੁਰਾਣਾ ਬੀਜ ਵਰਤਣ ਦੀ ਵੀ ਸੋਚ ਰਹੇ ਹਨ। ਆਈ ਏ ਆਰ ਆਈ ਵੱਲੋਂ ਵਿਕਸਿਤ ਪੂਸਾ - 2090 ਅਤੇ ਪੂਸਾ -1824 ਕਿਸਮਾਂ ਦੇ ਝੋਨੇ ਦੇ ਬੀਜਾਂ ਲਈ ਕਿਸਾਨ ਹੁਣੇ ਤੋਂ ਭਾਲ ਕਰ ਰਹੇ ਹਨ। ਇਹ ਕਿਸਮਾਂ ਪੱਕਣ ਨੂੰ ਘੱਟ ਸਮਾਂ ਲੈਂਦੀਆਂ ਹਨ। ਇਹਨਾਂ ਕਿਸਮਾਂ ਦਾ ਬੀਜ ਪੰਜਾਬ 'ਚ ਦੇਣ ਲਈ ਭਾਰਤੀ ਖੇਤੀ ਖੋਜ ਸੰਸਥਾਨ ਕੀ ਨੀਤੀ ਵਰਤੇਗੀ ਅਜੇ ਇਸ ਸੰਬੰਧੀ ਕੋਈ ਘੋਸ਼ਣਾ ਨਹੀਂ ਕੀਤੀ ਗਈ। ਪੂਸਾ ਕ੍ਰਿਸ਼ੀ ਵਿਗਿਆਨ ਮੇਲਾ ਆਈ ਏ ਆਰ ਆਈ ਮੇਲਾ ਗਰਾਉਂਡ ਦਿੱਲੀ ਵਿਖੇ 22 ਤੋਂ 24 ਫਰਵਰੀ ਨੂੰ ਹੋ ਰਿਹਾ ਹੈ (ਪਹਿਲਾਂ ਇਹ 24 ਤੋਂ 26 ਫਰਵਰੀ ਦੌਰਾਨ ਹੋਣਾ ਸੀ)। ਕਿਸਾਨ ਇਹਨਾਂ ਕਿਸਮਾਂ ਦਾ ਬੀਜ ਲੈਣ ਲਈ ਕ੍ਰਿਸ਼ੀ ਵਿਗਿਆਨ ਮੇਲੇ ਦੇ ਇੰਤਜ਼ਾਰ 'ਚ ਹਨ। ਕੀ ਇਸ ਮੇਲੇ 'ਚ ਇਹਨਾਂ ਕਿਸਮਾਂ ਦੇ ਬੀਜ ਪੰਜਾਬ ਦੇ



ਭਗਵਾਨ ਦਾਸ

ਕਿਸਾਨਾਂ ਨੂੰ ਦਿੱਤੇ ਜਾਣਗੇ ? ਆਈ ਏ ਆਰ ਆਈ ਵੱਲੋਂ ਇਸ ਸੰਬੰਧੀ ਸਪੱਸ਼ਟੀਕਰਨ ਦੀ ਲੋੜ ਹੈ।

ਪੰਜਾਬ ਸਰਕਾਰ ਵੱਲੋਂ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਪਿਛਲੇ ਦੋ ਦਹਾਕਿਆਂ ਤੋਂ ਇਸ ਦੀ ਕਾਸ਼ਤ ਥੱਲੇ ਰਕਬਾ ਘਟਣ ਦੀ ਬਜਾਏ ਵਧ ਰਿਹਾ ਹੈ ਜੋ ਹੁਣ 32 ਲੱਖ ਹੈਕਟੇਅਰ ਨੂੰ ਛੁਹ ਗਿਆ। ਕਿਸਾਨ ਝੋਨੇ ਦੀ ਕਾਸ਼ਤ ਤੇ ਇਸ ਲਈ ਜ਼ੋਰ ਦਿੰਦੇ ਹਨ ਕਿ ਇਹ ਫ਼ਸਲ ਦੂਜੀਆਂ ਸਾਰੀਆਂ ਫ਼ਸਲਾਂ ਨਾਲੋਂ ਖਰੀਫ਼ ਦੇ ਮੌਸਮ 'ਚ ਵੱਧ ਮੁਨਾਫਾ ਦਿੰਦੀ ਹੈ। ਪੰਜਾਬ ਸਰਕਾਰ ਵੱਲੋਂ ਵੀ ਫ਼ਸਲੀ ਵਿਭਿੰਨਤਾ ਲਿਆਉਣ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ। ਜਿਸ ਨੀਤੀ ਥੱਲੇ ਬਾਸਮਤੀ, ਕਪਾਹ ਨਰਮਾ, ਫ਼ਲਾਂ, ਸਬਜ਼ੀਆਂ ਆਦਿ ਦੀ ਕਾਸ਼ਤ ਥੱਲੇ ਮੁੱਖ ਤੌਰ ਤੇ ਰਕਬਾ ਵਧਾਉਣ ਦੀ ਯੋਜਨਾ ਹੈ। ਝੋਨੇ ਦੀ ਕਾਸ਼ਤ ਥੱਲੇ ਪਾਣੀ ਦੇ ਪੱਧਰ ਨੂੰ ਬਰਕਾਰ ਰੱਖਣ ਲਈ 10 ਲੱਖ ਹੈਕਟੇਅਰ ਰਕਬਾ ਘਟਾਉਣਾ ਲੋੜੀਂਦਾ ਹੈ। ਝੋਨੇ ਦੀ ਪਾਣੀ ਦੀ ਲੋੜ ਦੂਜੀਆਂ ਫ਼ਸਲਾਂ ਦੇ ਮੁਕਾਬਲੇ ਵੱਧ ਹੋਣ ਕਾਰਨ ਜ਼ਮੀਨ ਥੱਲੇ ਪਾਣੀ ਦੀ ਸਤਿਹ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਉੱਚੀ ਤਾਕਤ ਦੇ ਸਬਮਰਸੀਬਲ ਲੱਗ ਰਹੇ ਹਨ। ਜਿਹਨਾਂ ਤੇ ਕਿਸਾਨਾਂ ਦਾ ਖਰਚਾ ਜ਼ਿਆਦਾ ਆਉਂਦਾ ਹੈ ਅਤੇ ਬਿਜਲੀ ਦੀ ਖਪਤ ਵੀ ਵਧੇਰੇ ਹੁੰਦੀ ਹੈ। ਰਾਜ ਦੇ ਬਹੁਤੇ ਰਕਬੇ ਤੇ ਹੁਣ ਨਵੇਂ ਟਿਊਬਵੈੱਲ ਵੀ ਨਹੀਂ ਲਗਾਏ ਜਾ ਸਕਦੇ। ਝੋਨੇ ਦੀ ਵਧ ਰਹੀ ਕਾਸ਼ਤ ਨਾਲ ਵਾਤਾਵਰਨ ਦੇ ਪ੍ਰਦੂਸ਼ਿਤ ਹੋਣ ਦੀ ਸਮੱਸਿਆ ਵੀ ਵਧ ਰਹੀ ਹੈ। ਸਬਜ਼ ਇਨਕਲਾਬ ਤੋਂ ਪਹਿਲਾਂ ਝੋਨੇ ਦੀ ਕਾਸ਼ਤ ਥੱਲੇ ਸੰ: 1960-61 'ਚ 2.27 ਲੱਖ ਹੈਕਟੇਅਰ ਰਕਬਾ ਹੁੰਦਾ ਸੀ ਜੋ ਸਬਜ਼ ਇਨਕਲਾਬ ਦੇ ਆਗ਼ਾਜ਼ ਤੋਂ ਬਾਅਦ 1970-71 'ਚ ਵੱਧ ਕੇ 3.90 ਲੱਖ ਹੈਕਟੇਅਰ ਹੋ ਗਿਆ। ਇਸ ਤੋਂ ਬਾਅਦ ਇਸ ਰਕਬੇ ਵਿੱਚ ਮਤਵਾਤਰ ਵਾਧਾ ਹੁੰਦਾ ਗਿਆ। ਸੰ: 1980 - 81 'ਚ 11.83 ਲੱਖ ਹੈਕਟੇਅਰ, 1999 - 2000 'ਚ 26.04 ਲੱਖ ਹੈਕਟੇਅਰ ਹੋ ਗਿਆ। ਜੋ ਹੁਣ ਵੱਧ ਕੇ 32 ਲੱਖ ਹੈਕਟੇਅਰ ਨੂੰ ਛੁਹ ਗਿਆ।

ਕਿਸਾਨਾਂ ਨੂੰ ਝੋਨੇ ਦਾ ਰਕਬਾ ਘਟਾਉਣ ਲਈ ਉਪਰਾਲਾ ਕਰਨਾ ਚਾਹੀਦਾ ਹੈ। ਇਸ ਦੇ ਮੰਡੀਕਰਨ ਵਿੱਚ ਸਮੱਸਿਆਵਾਂ ਦਾ ਆਉਣਾ ਸੰਭਾਵਕ ਹੈ। ਕਿਸਾਨਾਂ ਨੂੰ ਛੇਤੀ ਝੋਨੇ ਦੇ ਬਦਲ ਲੱਭਣੇ ਚਾਹੀਦੇ ਹਨ। ਸਰਕਾਰ ਵੱਲੋਂ ਝੋਨੇ ਦੀ ਬਜਾਏ ਮੱਕੀ, ਬਾਸਮਤੀ, ਕਪਾਹ ਨਰਮਾ ਅਤੇ ਫ਼ਲਾਂ ਤੇ ਸਬਜ਼ੀਆਂ ਦੀ ਕਾਸ਼ਤ ਵਧਾਉਣ ਲਈ ਖਰੀਫ਼ ਦੇ ਮੌਸਮ ਵਿੱਚ ਕਿਸਾਨਾਂ ਨੂੰ ਪ੍ਰੇਰਿਆ ਜਾ ਰਿਹਾ ਹੈ। ਮੱਕੀ ਦੀ ਕਾਸ਼ਤ ਲਈ ਵੀ ਪਾਣੀ ਵਧੇਰੇ ਚਾਹੀਦਾ ਹੈ। ਮੰਡੀ 'ਚ ਵੀ ਕਿਸਾਨਾਂ ਨੂੰ ਪਿਛਲੇ ਸਾਲਾਂ 'ਚ ਮੱਕੀ ਦੀ ਲਾਹੇਵੰਦ ਕੀਮਤ ਨਹੀਂ ਮਿਲੀ। ਹੁਣ ਸਰਕਾਰ ਵੱਲੋਂ ਲਾਹੇਵੰਦ ਕੀਮਤ ਦਵਾਉਣ ਦੇ ਉਪਰਾਲੇ ਜ਼ਰੂਰ ਕੀਤੇ ਜਾ ਰਹੇ ਹਨ। ਬਾਸਮਤੀ ਦਾ ਉਜੱਵਲ ਭਵਿੱਖ ਹੈ। ਪੰਜਾਬ ਜੀ ਆਈ ਭੂਗੋਲਿਕ ਜ਼ੋਨ 'ਚ ਹੋਣ ਕਰ ਕੇ ਇਸ ਦੀ ਬਾਸਮਤੀ ਦੀ ਕਵਾਲਿਟੀ ਵਧੀਆ ਹੈ ਅਤੇ ਦੂਜੇ ਮੁਲਕ ਇਸ ਨੂੰ ਖਰੀਦਣਾ ਪਸੰਦ ਕਰਦੇ ਹਨ। ਇਸ ਦਾ ਕੁੱਲ ਬਾਸਮਤੀ ਦੀ ਬਰਾਮਦ 'ਚ 40 ਪ੍ਰਤੀਸ਼ਤ ਤੱਕ ਹਿੱਸਾ ਹੈ। ਬਾਸਮਤੀ ਦਾ ਘਰੇਲੂ ਖਪਤ 'ਚ ਵੀ ਕੁੱਝ ਵਾਧਾ ਹੋ ਰਿਹਾ ਹੈ। ਆਈ ਸੀ ਏ ਆਰ - ਆਈ ਏ ਆਰ ਆਈ ਵੱਲੋਂ ਨਵੀਂਆਂ ਕਿਸਮਾਂ ਪੀ ਬੀ -1885, ਪੀ ਬੀ -1886, ਪੀ ਬੀ -1882, ਪੀ ਬੀ -1979 ਅਤੇ ਪੀ ਬੀ -1985 ਵਿਕਸਿਤ ਹੋਣ ਨਾਲ ਕਿਸਾਨਾਂ



ਲਈ ਕਿਸਮਾਂ ਦੀ ਚੋਣ ਦਾ ਦਾਇਰਾ ਵਸੀਹ ਹੋ ਗਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਿਛਲੇ ਸਾਲ ਬਾਸਮਤੀ 'ਚ ਕੁੱਝ ਮੰਦਾ ਆਇਆ ਪਰ ਬਾਅਦ ਵਿੱਚ ਇਸ ਦੀ ਕੀਮਤ 'ਚ ਚੜ੍ਹਾਅ ਆ ਕੇ 3000 - 3200 ਰੁਪਏ ਤੱਕ ਪਹੁੰਚਣ ਨਾਲ ਕਿਸਾਨਾਂ ਦਾ ਘਰ ਪੂਰਾ ਹੋ ਗਿਆ। ਆਲ -ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਨਾਮਵਰ ਬਾਸਮਤੀ ਦੇ ਬਰਾਮਦਕਾਰ ਵਿਜੇ ਸੇਤੀਆ ਅਨੁਸਾਰ ਭਵਿੱਖ 'ਚ ਬਾਸਮਤੀ ਦੀ ਕੀਮਤ ਸਥਿਰ ਤੇ ਕਿਸਾਨਾਂ ਲਈ ਲਾਹੇਵੰਦ ਰਹਿਣ ਦੀ ਸੰਭਾਵਨਾ ਹੈ। ਉਹਨਾਂ ਨੂੰ ਆਪਣੀ ਯੋਜਨਾਬੰਦੀ ਵਿੱਚ ਬਾਸਮਤੀ ਨੂੰ ਮੁਨਾਸਿਬ ਥਾਂ ਦੇਣੀ ਚਾਹੀਦੀ ਹੈ। ਕਪਾਹ ਨਰਮੇ ਦੀ ਕਾਸ਼ਤ ਬਠਿੰਡਾ, ਫਾਜ਼ਿਲਕਾ, ਮਾਨਸਾ, ਫਰੀਦਕੋਟ, ਮੁਕਤਸਰ ਸਾਹਿਬ ਅਤੇ ਮੋਗਾ ਜ਼ਿਲ੍ਹਿਆਂ ਵਿੱਚ ਵਧਾਏ ਜਾਣ ਦਾ ਸਕੋਪ ਹੈ। ਥੋੜਾ ਥੋੜਾ ਰਕਬਾ ਫ਼ਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਥੱਲੇ ਵੀ ਵਧ ਸਕਦਾ ਹੈ। ਫ਼ਲਾਂ 'ਚੋਂ ਲਾਭ ਲੈਣ ਲਈ ਕਿਸਾਨਾਂ ਨੂੰ ਲੰਮਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ। ਫ਼ਲਾਂ ਦੀ ਕਾਸ਼ਤ ਵਧਾਉਣ ਸੰਬੰਧੀ ਰਾਜ ਬਾਗ਼ਬਾਨੀ ਮਿਸ਼ਨ ਥੱਲੇ ਸਬਸਿਡੀ ਦੀਆਂ ਸਹੂਲਤਾਂ ਮੁਹਈਆ ਕਰਕੇ ਸਰਕਾਰ ਬਾਗ਼ਬਾਨੀ ਦਾ ਰਕਬਾ ਵਧਾਉਣ ਲਈ ਉਪਰਾਲੇ ਕਰ ਰਹੀ ਹੈ। ਸਬਜ਼ੀਆਂ ਦੀ ਕੀਮਤ 'ਚ ਬੜਾ ਉਤਰਾਅ -ਚੜ੍ਹਾਅ ਹੈ। ਜੋ ਖਪਤਕਾਰ ਅਦਾ ਕਰਦਾ ਹੈ, ਕਿਸਾਨ ਨੂੰ ਉਸ ਕੀਮਤ ਦਾ ਬਹੁਤ ਥੋੜਾ ਹਿੱਸਾ ਹੀ ਪੱਲੇ ਪੈਂਦਾ ਹੈ। ਸਬਜ਼ੀਆਂ ਦੇ ਮੰਡੀਕਰਨ ਦਾ ਯੋਗ ਪ੍ਰਬੰਧ ਕਰਨ ਦੀ ਲੋੜ ਹੈ। ਜ਼ਿਆਦਾ ਰਕਬਾ ਆਲੂਆਂ ਤੇ ਗੰਢਿਆਂ ਦੀ ਕਾਸ਼ਤ ਅਧੀਨ ਹੈ। ਕਿਸਾਨਾਂ ਦੇ ਨੌਜਵਾਨ ਮੁੰਡੇ ਤੇ ਖੁਦ ਕਿਸਾਨ ਆਪ ਖਪਤਕਾਰਾਂ ਨੂੰ ਸਬਜ਼ੀਆਂ ਵੇਚਣ ਤਾਂ ਚੋਖਾ ਮੁਨਾਫਾ ਕਮਾ ਸਕਦੇ ਹਨ। ਤੇਲ ਬੀਜਾਂ ਦੀ ਕਾਸ਼ਤ ਲਈ ਕੇਂਦਰ ਸਰਕਾਰ ਬੜਾ ਜ਼ੋਰ ਦੇ ਰਹੀ ਹੈ। ਪੰਜਾਬ ਦੇ ਕਿਸਾਨਾਂ ਨੂੰ ਇਸ ਤੋਂ ਲਾਭ ਉਠਾਉਣਾ ਚਾਹੀਦਾ ਹੈ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜੋ ਕਿਸਾਨਾਂ ਲਈ ਕਿਸਾਨ ਸਿਖਲਾਈ ਕੈਂਪ ਲਗਾਏ ਜਾ ਰਹੇ ਹਨ ਉਹਨਾਂ ਵਿੱਚ ਕਿਸਾਨਾਂ ਨੂੰ ਖੇਤੀ ਸਮੱਗਰੀ ਦੀ ਸਹੀ ਵਰਤੋਂ ਅਤੇ ਖਾਦ ਸਿਫਾਰਸ਼ ਅਨੁਸਾਰ ਭੌਂਅ ਪਰਖ ਕਾਰਡਾਂ ਵਿੱਚ ਦਿੱਤੀਆਂ ਗਈਆਂ ਸਿਫਾਰਸ਼ਾਂ ਅਨੁਸਾਰ ਪਾਉਣ ਲਈ ਪੂਰੀ ਜਾਣਕਾਰੀ ਮੁਹਈਆ ਕੀਤੀ ਜਾਣੀ ਚਾਹੀਦੀ ਹੈ। ਜੋ ਕਿਸਾਨ ਝੋਨੇ ਤੇ ਕਣਕ ਵਿੱਚ ਯੂਰੀਏ ਦੇ ਪੰਜ ਪੰਜ, ਛੇ ਛੇ ਥੈਲੇ ਪਾਉਂਦੇ ਹਨ ਜਦੋਂ ਕਿ ਸਿਫਾਰਸ਼ 2.5 ਥੈਲਿਆਂ ਦੀ ਕੀਤੀ ਗਈ ਹੈ, ਉਹਨਾਂ ਨੂੰ ਇਹਨਾਂ ਕੈਂਪਾਂ 'ਚ ਸਹੀ ਸੇਧ ਦੇ ਕੇ ਖੇਤੀ ਸਮੱਗਰੀ ਤੇ ਲੋੜ ਨਾਲੋਂ ਵੱਧ ਖਰਚਾ ਕਰਨ ਤੋਂ ਰੋਕਣਾ ਚਾਹੀਦਾ ਹੈ। ਫਸਲੀ -ਵਿਭਿੰਨਤਾ ਸੰਬੰਧੀ ਸਰਕਾਰ ਅਤੇ ਕਿਸਾਨਾਂ ਵੱਲੋਂ ਰਲ ਕੇ ਪੂਰੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਹ ਸਮੇਂ ਦੀ ਲੋੜ ਹੈ।

RNI Regd. No. PUNPUN00806

# ਕਣਕ ਦੀਆਂ ਬਿਮਾਰੀਆਂ ਦੀ ਇੰਜ ਕਰੋ ਰੋਕਥਾਮ

**ਪੀਲੀ ਕੁੰਗੀ ਅਜਿਹੀ ਬਿਮਾਰੀ ਹੈ, ਜੋ ਕਣਕ ਦੀ ਖੇਤੀ ਲਈ ਖਤਰਾ ਸਾਬਤ ਹੋ ਰਹੀ ਹੈ। ਜੇ ਇਸ ਦਾ ਵਕਤ ਸਿਰ ਸਹੀ ਇਲਾਜ ਨਾ ਕੀਤਾ ਜਾਵੇ, ਤਾਂ ਕਣਕ ਦੀ ਫ਼ਸਲ ਦਾ 70 ਫੀਸਦੀ ਤੱਕ ਝਾੜ ਘੱਟ ਸਕਦਾ ਹੈ...**



ਕਣਕ ਪੰਜਾਬ ਵਿੱਚ ਅਨਾਜ ਦੀ ਮੁੱਖ ਫ਼ਸਲ ਹੈ। ਹਾੜ੍ਹੀ 2021-22 ਦੌਰਾਨ ਪੰਜਾਬ ਵਿੱਚ ਕੁੱਲ 35.30 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਕਾਸ਼ਤ ਕੀਤੀ ਗਈ, ਜਿਸ ਤੋਂ ਕੁੱਲ 148.65 ਮੀਟਰਿਕ ਟਨ ਪੈਦਾਵਾਰ ਹੋਈ ਅਤੇ ਪ੍ਰਤੀ ਹੈਕਟੇਅਰ ਝਾੜ 42.16 ਕੁਇੰਟਲ ਰਿਹਾ। ਪਿਛਲੇ ਕੁਝ ਸਮੇਂ ਤੋਂ ਮੌਸਮੀ ਤਬਦੀਲੀਆਂ ਅਤੇ ਗੈਰ-ਸਿਫਾਰਿਸ਼-ਸ਼ੁਦਾ ਕਿਸਮਾਂ ਹੇਠ ਰਕਬਾ ਵਧਣ ਕਾਰਨ ਕਣਕ ਦੀ ਫ਼ਸਲ ਉੱਪਰ ਕੁਝ ਅਜਿਹੀਆਂ ਬਿਮਾਰੀਆਂ ਦਾ ਹਮਲਾ ਵੇਖਣ ਨੂੰ ਮਿਲਿਆ, ਜਿਨ੍ਹਾਂ ਦਾ ਕੋਈ ਬਹੁਤਾ ਮਹੱਤਵ ਨਹੀਂ ਸੀ ਸਮਝਿਆ ਜਾਂਦਾ। ਇਨ੍ਹਾਂ ਵਿੱਚੋਂ ਪੀਲੀ ਕੁੰਗੀ ਅਜਿਹੀ ਬਿਮਾਰੀ ਹੈ, ਜੋ ਕਣਕ ਦੀ ਖੇਤੀ ਲਈ ਖਤਰਾ ਸਾਬਤ ਹੋ ਰਹੀ ਹੈ। ਜੇਕਰ ਪੀਲੀ ਕੁੰਗੀ ਦਾ ਵਕਤ ਸਿਰ ਸਹੀ ਇਲਾਜ ਨਾ ਕੀਤਾ ਜਾਵੇ ਤਾਂ ਕਣਕ ਦੀ ਫ਼ਸਲ ਦਾ 70 ਫੀਸਦੀ ਤੱਕ ਝਾੜ ਘੱਟ ਸਕਦਾ ਹੈ।



ਸਾਲ 2010-11 ਦੌਰਾਨ ਉੱਤਰੀ ਭਾਰਤ ਵਿੱਚ ਮੌਸਮ ਜ਼ਿਆਦਾ ਠੰਢਾ ਰਹਿਣ ਕਾਰਨ ਪੰਜਾਬ ਵਿੱਚ ਪੀਲੀ ਕੁੰਗੀ ਨੇ ਕਣਕ ਦੀ ਪੀ. ਬੀ. ਡਬਲਿਊ.-343 ਕਿਸਮ ਦਾ ਬਹੁਤ ਨੁਕਸਾਨ ਕੀਤਾ ਸੀ। ਕਣਕ ਦੀ ਇਹ ਕਿਸਮ ਪੀਲੀ ਕੁੰਗੀ ਦੀ ਨਵੀਂ ਕਿਸਮ 78 ਐਸ 84 ਦਾ ਟਾਕਰਾ ਨਹੀਂ ਸੀ ਕਰ ਸਕੀ, ਪਰ ਸਮੇਂ ਸਿਰ ਖੇਤੀਬਾੜੀ ਵਿਭਾਗ ਵੱਲੋਂ ਇਸ ਬਿਮਾਰੀ ਦੀ ਰੋਕਥਾਮ ਲਈ ਸਿਫਾਰਿਸ਼ਸ਼ੁਦਾ ਦਵਾਈ ਪ੍ਰੋਪੀਕੋਨਾਜ਼ੋਲ ਨੂੰ ਕਾਫੀ ਹੱਦ ਤੱਕ ਘਟਾ ਦਿੱਤਾ ਸੀ।

ਪਿਛਲੇ ਸਾਲ ਇਸ ਬਿਮਾਰੀ ਦੇ ਲੱਛਣ ਸਭ ਤੋਂ ਪਹਿਲਾਂ ਰੋਪੜ ਜ਼ਿਲ੍ਹੇ ਦੇ ਅਨੰਦਪੁਰ ਸਾਹਿਬ ਬਲਾਕ ਵਿੱਚ 18 ਦਸੰਬਰ ਨੂੰ ਦਿਖਾਈ ਦਿੱਤੇ ਸਨ, ਪਰ ਚਾਲੂ ਹਾੜ੍ਹੀ ਦੌਰਾਨ ਪੀਲੀ ਕੁੰਗੀ ਦਾ ਕੋਈ ਵੀ ਕੇਸ ਪੰਜਾਬ ਵਿੱਚ ਦੇਖਣ ਨੂੰ ਨਹੀਂ ਮਿਲਿਆ। ਪਿਛਲੇ ਸਮੇਂ ਦੌਰਾਨ ਇਹ ਵੀ ਦੇਖਣ ਵਿੱਚ ਆਇਆ ਸੀ ਕਿ ਜਿਹੜੀ ਫ਼ਸਲ ਪਾਪੂਲਰ, ਸਫੈਦਾ ਅਤੇ ਹੋਰ ਦਰੱਖਤਾਂ ਹੇਠ ਸੀ, ਉਸ ਉਪਰ ਪੀਲੀ ਕੁੰਗੀ ਦਾ ਹਮਲਾ ਸਭ ਤੋਂ ਪਹਿਲਾਂ ਆਇਆ। ਪੀਲੀ ਕੁੰਗੀ ਦਾ ਹਮਲਾ ਆਮ ਕਰਕੇ ਸਭ ਤੋਂ ਪਹਿਲਾਂ ਨੀਮ ਪਹਾੜੀ ਜ਼ਿਲ੍ਹਿਆਂ ਹੁਸ਼ਿਆਰਪੁਰ, ਗੁਰਦਾਸਪੁਰ, ਰੋਪੜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡਾਂ ਵਿੱਚ ਨਜ਼ਰ ਆਉਂਦਾ ਹੈ।

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਖੇਤੀ ਮਾਹਿਰਾਂ ਦੁਆਰਾ ਸਮੇਂ ਸਿਰ ਕਿਸਾਨਾਂ ਨੂੰ ਪਸਾਰ ਸਾਧਨਾਂ ਦੇ ਵੱਖ-ਵੱਖ ਤਰੀਕਿਆਂ ਰਾਹੀਂ ਜਾਗਰੂਕ ਕਰਨ ਤੇ ਦਵਾਈ ਮੁਹੱਈਆ ਕਰਵਾਉਣ ਕਾਰਨ ਨੁਕਸਾਨ ਹੋਣੋਂ ਬਚ ਗਿਆ ਸੀ। ਪੀਲੀ ਕੁੰਗੀ ਨੂੰ ਧਾਰੀਆਂ ਵਾਲੀ ਕੁੰਗੀ ਵੀ ਕਿਹਾ ਜਾਂਦਾ ਹੈ। ਪੀਲੀ ਕੁੰਗੀ ਸਭ ਤੋਂ ਪਹਿਲਾਂ ਹੇਠਲੇ ਪੱਤਿਆਂ ਉੱਪਰ ਆਉਂਦੀ ਹੈ, ਜੋ ਪੀਲੇ ਰੰਗ ਦੇ ਪਾਊਡਰੀ ਲੰਮੀਆਂ ਧਾਰੀਆਂ ਦੇ ਰੂਪ ਵਿੱਚ ਧੱਬਿਆਂ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ, ਜੋ ਪ੍ਰਭਾਵਿਤ ਪੱਤੇ ਨੂੰ ਦੋ ਉਂਗਲਾਂ ਵਿੱਚ ਫੜਿਆ ਜਾਵੇ ਤਾਂ ਉਂਗਲਾਂ ’ਤੇ ਪੀਲਾ ਪਾਊਡਰ ਲੱਗ ਜਾਂਦਾ ਹੈ। ਜਦੋਂ ਬਿਮਾਰੀ ਵੱਧ ਜਾਂਦੀ ਹੈ ਤਾਂ ਬਿਮਾਰੀ ਸਿੱਟਿਆਂ ’ਤੇ ਵੀ ਦਿਖਾਈ ਦਿੰਦੀ ਹੈ। ਦਾਣੇ ਪਤਲੇ ਪੈ ਜਾਂਦੇ ਹਨ। ਪੀਲੀ ਕੁੰਗੀ ਦੇ ਪੀਲੇ ਕਣਕ, ਹਲਦੀ ਦੇ ਪਾਊਡਰ ਵਾਂਗ ਹੱਥਾਂ ਤੇ ਕੱਪੜਿਆਂ ’ਤੇ ਵੀ ਲੱਗ ਜਾਂਦੇ ਹਨ। ਇਸ ਬਿਮਾਰੀ ਦੇ ਕਣਕ ਗਰਮੀਆਂ ਦੌਰਾਨ ਪਹਾੜਾਂ ਵਿੱਚ ਬੀਜੀ ਕਣਕ ਦੀ ਫ਼ਸਲ ’ਤੇ ਵਧਦੇ ਰਹਿੰਦੇ ਹਨ ਅਤੇ ਬਾਅਦ ਵਿੱਚ ਦਸੰਬਰ-ਜਨਵਰੀ ਦੌਰਾਨ ਪੰਜਾਬ ਵਿੱਚ ਨੀਮ ਪਹਾੜੀ ਜ਼ਿਲ੍ਹਿਆਂ ਵਿੱਚ ਹਮਲਾ ਕਰ ਦਿੰਦੇ ਹਨ। ਪੀਲੀ ਕੁੰਗੀ ਤੋਂ ਬਚਾਅ ਲਈ ਜ਼ਰੂਰੀ ਹੈ ਕਿ ਕਿਸਾਨ ਕੇਵਲ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਿਫਾਰਿਸ਼ਸ਼ੁਦਾ ਰੋਗ ਰਹਿਤ ਕਿਸਮਾਂ ਜਿਵੇਂ ਪੀ. ਬੀ. ਡਬਲਿਊ.-824, 826, 869, 803, ਡੀ. ਬੀ. ਡਬਲਿਊ.-222, 187, ਪੀ. ਬੀ. ਡਬਲਿਊ.-677, ਪੀ. ਬੀ. ਡਬਲਿਊ.-660 ਦੀ ਹੀ ਕਾਸ਼ਤ ਕਰਿਆ ਕਰਨ।

## ਪੀਲੀ ਕੁੰਗੀ ਵਧਣ ਦਾ ਕਾਰਨ

ਪੀਲੀ ਕੁੰਗੀ ਦੇ ਹਮਲੇ ਅਤੇ ਵਾਧੇ ਲਈ ਰਾਤ ਦਾ ਘੱਟੋ-ਘੱਟ ਤਾਪਮਾਨ 7.13 ਡਿਗਰੀ ਸੈਲਸੀਅਸ, ਦਿਨ ਦਾ 15-24 ਡਿਗਰੀ ਸੈਲਸੀਅਬ ਤੇ ਹਵਾ ਵਿੱਚ ਨਮੀ ਦੀ ਮਾਤਰਾ 85-100% ਅਨੁਕੂਲ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ ਫਰਵਰੀ-ਮਾਰਚ ਮਹੀਨੇ ਦੌਰਾਨ ਬਾਰਿਸ਼ਾਂ ਇਸ ਬਿਮਾਰੀ ਦੇ ਵਾਧੇ ਲਈ ਸਹਾਈ ਹੁੰਦੀਆਂ ਹਨ। ਪੰਜਾਬ ਅੰਦਰ ਪੀਲੀ ਕੁੰਗੀ ਬਿਮਾਰੀ ਦੇ ਵਧਣ ਦਾ ਇਹ ਵੀ ਕਾਰਨ ਹੈ ਕਿ ਕਿਸਾਨਾਂ ਵੱਲੋਂ ਨੀਮ ਪਹਾੜੀ ਜ਼ਿਲ੍ਹਿਆਂ ਵਿੱਚ ਕੁਝ ਗੈਰ ਸਿਫਾਰਿਸ਼-ਸ਼ੁਦਾ ਕਿਸਮਾਂ ਪੀ. ਬੀ. ਡਬਿਲਊ.-2967, ਡੀ. ਬੀ. ਡਬਲਿਊ. ਅਤੇ 222 ਐਚ. ਡੀ.-2386 ਕਿਸਮਾਂ ਦੀ ਕਾਸ਼ਤ ਕੀਤੀ ਜਾਂਦੀ ਰਹੀ ਹੈ।

# ਆਸਟਰੇਲੀਆ ਵਿੱਚ ਤੀਜੀ ਵਾਰ ਖਿੜਿਆ ‘ਸੜੀ ਹੋਈ ਲਾਸ਼ ਦੀ ਬਦਬੂ’ ਵਾਲਾ ਫੁੱਲ

ਆਸਟਰੇਲੀਆ ਦੀ ਰਾਜਧਾਨੀ ਕੈਨਬਰਾ ਵਿੱਚ ‘ਸੜੀ ਹੋਈ ਲਾਸ਼ ਦੀ ਬਦਬੂ ਵਾਲਾ’ ਇੱਕ ਦੁਰਲੱਭ ਫੁੱਲ ਖਿੜਿਆ ਹੈ। ਤਿੰਨ ਮਹੀਨਿਆਂ ਵਿੱਚ ਇਹ ਤੀਜੀ ਵਾਰ ਅਜਿਹਾ ਫੁੱਲ ਖਿੜਿਆ ਹੈ।

ਆਸਟਰੇਲੀਅਨ ਨੈਸ਼ਨਲ ਬੋਟੈਨਿਕ ਗਾਰਡਨ ਵਿੱਚ ਇਹ ਫੁੱਲ ਪਿਛਲੇ ਹਫਤੇ ਪਹਿਲੀ ਵਾਰ ਖਿੜਿਆ। ਇਸ ਤੋਂ ਪਹਿਲਾਂ ਜਨਵਰੀ ਦੇਅਖੀਰ ਵਿੱਚ ਸਿਡਨੀ ਦੇ ਰਾਇਲ ਬੋਟੈਨਿਕ ਗਾਰਡਨ ਅਤੇ ਨਵੰਬਰ ਵਿੱਚ ਮੈਲਬੋਰਨ ਨੇੜੇ ਗੀਲੋਂਗ ਬੋਟੈਨਿਕ ਗਾਰਡਨ ਵਿੱਚ ਇਸੇ ਤਰ੍ਹਾਂ ਦੇ ਫੁੱਲ ਖਿੜੇ ਸਨ। ਇਸ ਫੁੱਲ ਦਾ ਵਿਗਿਆਨਕ ਨਾਂ ਅਮੋਰਫੋਫੈਲਸ ਟਾਈਟਨ ਹੈ। ਇਹ ਫੁੱਲ ਇੰਡੋਨੇਸ਼ੀਆ ਪੱਛਮੀ ਸੁਮਾਤਰਾ ਦੇ ਮੀਂਹ ਦੇ ਜੰਗਲਾਂ ਵਿੱਚ ਪਾਇਆ ਜਾਂਦਾ ਹੈ। ਇਹ ਕੁਦਰਤੀ ਤੌਰ ’ਤੇ ਸੱਤ ਤੋਂ ਦਸ ਸਾਲਾਂ ਵਿੱਚ ਇੱਕ ਵਾਰ ਖਿੜਦਾ ਹੈ ਅਤੇ ਸਿਰਫ ਕੁਝ ਦਿਨਾਂ ਤੱਕ ਖਿੜਦਾ ਹੈ।






ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

ਚੰਦਿਆਂ ’ਤੇ ਵਿਸ਼ੇਸ਼ ਛੂਟ

ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ

ਇੱਕ ਸਾਲ ਲਈ 500/- ਰੁਪਏ

ਦੋ ਸਾਲ ਲਈ 750/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਵਿਸ਼ੇਸ਼ ਆਫਰ

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ

ਸਾਲਾਨਾ ਚੰਦਾ

ਸਿਰਫ 100/-* ਰੁਪਏ

Excellence in Agri Info
KHETI DUNIYAN
An Exclusive Agri. Weekly

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ ’ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in

E-mail : khetiduniyan1983@gmail.com